ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 153 Friday, August 09, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
"Believe In The Best" ROYAL CANADIAN
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਅਮਰੀਕਾ ਲਈ ਕੈਨੇਡਾ ਦੇ ਸਫੀਰ ਡੇਵਿਡ ਮੈਕਨਾਟਨ ਦੇਣਗੇ ਅਸਤੀਫਾ



ਓਟਵਾ, 8 ਅਗਸਤ (ਪੋਸਟ ਬਿਊਰੋ) : ਅਮਰੀਕਾ ਲਈ ਕੈਨੇਡਾ ਦੇ ਸਫੀਰ ਡੇਵਿਡ ਮੈਕਨਾਟਨ ਅਗਸਤ ਦੇ ਅੰਤ ਵਿੱਚ ਅਸਤੀਫਾ ਦੇਣ ਜਾ ਰਹੇ ਹਨ। ਪ੍ਰਾਈਵੇਟ ਸੈਕਟਰ ਵਿੱਚ ਕਰੀਅਰ ਬਣਾਉਣ ਲਈ ਮੈਕਨਾਟਨ ਵੱਲੋਂ ਇਹ ਅਸਤੀਫਾ ਦਿੱਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਐਲਾਨ ਕਰਦਿਆਂ ਮੈਕਨਾਟਨ ਨੇ ਆਖਿਆ ਕਿ ਇਸ ਜੌਬ ਵਿੱਚ ਉਨ੍ਹਾਂ ਦੇ ਤਿੰਨ ਸਾਲ ਕਾਫੀ ਚੁਣੌਤੀਆਂ ਭਰੇ ਰਹੇ ਤੇ ਇਸ ਤਰ੍ਹਾਂ ਦਾ ਤਜਰਬਾ ਉਹ ਹੋਰ ਕਿਤੇ ਨਹੀਂ ਸੀ ਹੰਢਾ ਸਕਦੇ।

ਡੀਸੀ ਵਿੱਚ ਸਥਿਤ ਅੰਬੈਸੀ ਵਿਖੇ ਵੀਰਵਾਰ ਦੁਪਹਿਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮੈਕਨਾਟਨ ਨੇ ਦੱਸਿਆ ਕਿ ਕਈ ਉਤਰਾਅ ਚੜ੍ਹਾਅ ਦੇ ਬਾਵਜੂਦ ਕੈਨੇਡਾ ਤੇ ਅਮਰੀਕਾ ਦੇ ਸਬੰਧ ਪਹਿਲਾਂ ਨਾਲੋਂ ਕਿਤੇ ਮਜ਼ਬੂਤ ਹੋਏ ਹਨ।

ਕੈਨੇਡਾ ਦੀ ਵਿਦੇਸ਼ ਸੇਵਾ ਤੋਂ ਇੱਕ ਹਾਈ ਪ੍ਰੋਫਾਈਲ ਅੰਬੈਸਡਰ ਦੇ ਵੱਖ ਹੋਣ ਵਾਲੇ ਬਿਆਨ ਦੀ ਪੁਸ਼ਟੀ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਬਹੁਤ ਹੀ ਪਿਆਰ ਤੇ ਧੰਨਵਾਦ ਦੇ ਨਾਲ ਨਾਲ ਉਹ ਥੋੜ੍ਹੇ ਅਫਸੋਸ ਨਾਲ ਅੰਬੈਸਡਰ ਡੇਵਿਡ ਮੈਕਨਾਟਨ ਦਾ ਅਸਤੀਫਾ ਸਵੀਕਾਰ ਕਰ ਰਹੇ ਹਨ। ਟਰੂਡੋ ਨੇ ਆਖਿਆ ਕਿ ਮੈਕਨਾਟਨ ਸਾਡੇ ਤੋਂ ਵੱਖ ਹੋ ਰਹੇ ਹਨ ਇਸ ਦਾ ਸਾਨੂੰ ਦੁੱਖ ਹੈ ਪਰ ਉਹ ਆਪਣੇ ਘਰ ਟੋਰਾਂਟੋ ਪਰਤ ਕੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਚਾਹੁੰਦੇ ਹਨ ਇਸ ਦੀ ਖੁਸ਼ੀ ਵੀ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

### ਮੋਦੀ ਦਾ ਦੇਸ਼ ਦੇ ਨਾਂਅ ਭਾਸ਼ਣ



ਪੰਨਾ 3

## ਪੰਜਾਬੀ ਪੋਸਟ ਤੇ ਗਰੇਵਾਲ ਪਰਿਵਾਰ ਵੱਲੋਂ ਬਾਰਬੀਕਿਊ 10 ਅਗਸਤ ਨੂੰ




ਪੰਜਾਬੀ ਪੋਸਟ ਨੂੰ ਚੜ੍ਹਿਆ 18ਵਾਂ ਸਾਲ
ਕੈਨੇਡੀਅਨ ਪੰਜਾਬੀ ਪੋਸਟ 18
Award winning newspaper | Canadian Punjabi Post

ਪੰਜਾਬੀ ਪੋਸਟ ਦੇ ਪਾਠਕਾਂ ਤੇ ਸਹਿਯੋਗੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੈਨੇਡੀਅਨ ਪੰਜਾਬੀ ਪੋਸਟ ਦੇ 18ਵੇ ਸਾਲ ਵਿਚ ਪ੍ਰਵੇਸ਼ ਕਰਨ ਦੀ ਖੁਸ਼ੀ ਵਿਚ ਅਤੇ ਗਰੇਵਾਲ ਪਰਿਵਾਰ ਵਲੋਂ ਹਰ ਪੱਖੋ ਭਾਈਚਾਰੇ ਵਿਚੋਂ ਮਿਲੇ ਸਹਿਯੋਗ ਲਈ ਧੰਨਵਾਦ ਹਿਤ ਬਾਰਬੀਕਿਊ ਪ੍ਰੋਗਰਾਮ ਆਪਣੇ ਗ੍ਰਹਿ ਵਿਖੇ 10 ਅਗਸਤ ਨੂੰ ਰੱਖਿਆ ਗਿਆ ਹੈ। ਇਸ ਦਾ ਸਮਾਂ 4 ਵਜੇ ਤੋਂ ਲੈ ਕੇ 8 ਵਜੇ ਤੱਕ ਹੋਵੇਗਾ। ਜਗਦੀਸ਼ ਗਰੇਵਾਲ ਨੇ ਸਮੂਹ ਭਾਈਚਾਰੇ ਦੀਆਂ ਉਨ੍ਹਾਂ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਜੋ ਵੀ ਪੰਜਾਬੀ ਪੋਸਟ ਦੇ ਤੇ ਗਰੇਵਾਲ ਪਰਿਵਾਰ ਦੇ ਸਹਿਯੋਗੀ ਰਹੇ ਹਨ, ਉਹ ਜਰੂਰ ਇਸ ਦਿਨ ਆਪਣੀ ਹਾਜਰੀ ਲਗਵਾਉਣ। ਉਨ੍ਹਾਂ ਕਿਹਾ ਕਿ ਇਸ ਈਵੈਂਟ ਵਿਚ ਸ਼ਮੂਲੀਅਤ ਲਈ ਇਕ ਵਾਰ ਪੰਜਾਬੀ ਪੋਸਟ ਦੇ ਦਫਤਰ ਜਾਂ ਫੇਰ ਜਗਦੀਸ਼ ਗਰੇਵਾਲ ਦੇ ਨਿੱਜੀ ਫੋਨ ਉਤੇ ਸੰਪਰਕ ਕਰਕੇ ਆਪਣਾ ਨਾਮ ਜ਼ਰੂਰ ਲਿਖਵਾ ਦੇਣ।

## ਓਪਨ ਹਾਊਸ ਦੀ ਥਾਂ ਚੋਣ ਈਵੈਂਟ ਲਈ ਲੋਕਾਂ ਨੂੰ ਭੇਜੇ ਸੱਦੇ ਲਈ ਐਨਡੀਪੀ ਨੇ ਮੰਗੀ ਮੁਆਫੀ



ਓਟਵਾ, 8 ਅਗਸਤ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦੇ ਨਵੇਂ ਬੀਸੀ ਹਲਕੇ ਦੇ ਆਫਿਸ ਲਈ ਰੱਖੇ ਗਏ ਓਪਨ ਹਾਊਸ ਦਾ ਰੂਪ ਚੋਣਾਂ ਤੋਂ ਪਹਿਲਾਂ ਵਾਲੀ ਕੈਂਪੇਨ ਸਬੰਧੀ ਈਵੈਂਟ ਨੇ ਧਾਰ ਲਿਆ। ਅਜਿਹਾ ਇਸ ਲਈ ਹੋਇਆ ਕਿਉਂਕਿ ਇਸ ਦੌਰਾਨ ਈਮੇਲ ਰਾਹੀਂ ਸੱਦੇ ਭੇਜ ਕੇ ਲੋਕਾਂ ਨੂੰ ਸੱਦਿਆ ਗਿਆ। ਐਨਡੀਪੀ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਨੇ ਜਾਣਬੁੱਝ ਕੇ ਨਹੀਂ ਕੀਤਾ ਸਗੋਂ ਇਹ ਇੱਕ ਇਮਾਨਦਾਰ ਭੁੱਲ ਹੈ। ...ਬਾਕੀ ਪੰਨਾ 6 'ਤੇ

## ਫੈਡਰਲ ਸਰਕਾਰ ਮੈਨੀਟੋਬਾ ਉੱਤੇ ਕਾਰਬਨ ਟੈਕਸ ਤੋਂ ਹੋਣ ਵਾਲੀ ਆਮਦਨ ਵਿੱਚੋਂ 5.4 ਮਿਲੀਅਨ ਸਕੂਲਾਂ ਨੂੰ ਦੇਣ ਲਈ ਪਾ ਰਹੀ ਹੈ ਦਬਾਅ



ਓਟਵਾ, 8 ਅਗਸਤ (ਪੋਸਟ ਬਿਊਰੋ) : ਫੈਡਰਲ ਲਿਬਰਲ ਸਰਕਾਰ ਤੇ ਪ੍ਰੋਵਿੰਸ਼ੀਅਲ ਕੰਜ਼ਰਵੇਟਿਵ ਸਰਕਾਰ ਦਰਮਿਆਨ ਕਾਰਬਨ ਟੈਕਸ ਨੂੰ ਲੈ ਕੇ ਛਿੜੀ ਤਾਜ਼ਾ ਜੰਗ ਵਿਚ ਓਟਵਾ ਵੱਲੋਂ ਮੈਨੀਟੋਬਾ ਸਰਕਾਰ ਉੱਤੇ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਪ੍ਰੋਵਿੰਸ ਦੇ ਸਕੂਲਾਂ ਨੂੰ ਕਾਰਬਨ ਟੈਕਸ ਤੋਂ ਹੋਣ ਵਾਲੀ ਆਮਦਨ ਵਿੱਚੋਂ 5.4 ਮਿਲੀਅਨ ਡਾਲਰ ਦੇਵੇ। ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਟਰ ਨੇ ਪਿਛਲੇ ਮਹੀਨੇ ਕਾਰਬਨ ਟੈਕਸ ਆਮਦਨ ਵਿੱਚੋਂ ਫੈਡਰਲ ਸਰਕਾਰ ਦੇ ਆਖਣ ਮੁਤਾਬਕ ਸਕੂਲਾਂ ਨੂੰ ਕੋਈ ਹਿੱਸਾ ਦੇਣ ਤੋਂ ਮਨ੍ਹਾਂ ਕਰਦਿਆਂ ਆਖਿਆ ਕਿ ਉਨ੍ਹਾਂ ਵੱਲੋਂ ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਦੇ ਪ੍ਰੋਵਿੰਸ ਦੇ ਸਕੂਲ ਐਨਰਜੀ ਪੱਖੋਂ ਸਮਰੱਥ ਹੋ ਸਕਣ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto Business Trucking Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Advice you can bank on. Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
Qualifications: Minimum 2 years experience, Minimum 21 years of age with a clean abstract & CVOR.
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




## ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931

# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com



Laddi



# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

**WE TREAT:**
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder



1st Month Discount

FREE CONSULTATION: 905-415-6999
30 Wertheim court, Unit 11, Richmond Hill

# SASH FLEET HOLDING LTD
Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment



HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com




chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਇੱਕੋ ਈ ਦੇਸ਼ ਸੀ, ਵੰਡਿਆਂ ਦੋ ਬਣ ਗਏ,
ਕੀਤੀ ਗਈ ਨਾ, ਕਰਨੀ ਪਈ ਵੰਡ ਬੇਲੀ।
ਹਿੰਦੂ, ਮੁਸਲਿਮ ਤੇ ਸਿੱਖ ਸਨ ਭਾਈ ਸਾਰੇ,
ਮਿਲ ਕੇ ਰਹਿਣ ਜਿਉਂ ਖੀਰ ਤੇ ਖੰਡ ਬੇਲੀ।
ਪਿਆ ਪਾਟਕ ਤਾਂ ਲਈਆਂ ਸੀ ਫੇਰ ਅੱਖਾਂ,
ਆਪਸ ਵਿੱਚ ਕਈ ਫੇਰ ਗਏ ਕੰਡ ਬੇਲੀ।
ਨਾ ਉਹ ਸੁਖੀ ਵੱਸੇ, ਨਾ ਇਹ ਸੁਖੀ ਵੱਸਣ,
ਚੁੱਕ ਲਈ ਔਕੜਾਂ ਦੀ ਸਿਰ'ਤੇ ਪੰਡ ਬੇਲੀ।
ਛਿੜ ਜਾਏ ਜੰਗ ਜਾਂ ਜੰਗਾਂ ਲਈ ਰਾਜਨੀਤੀ,
ਮੁੜ-ਮੁੜ ਪੈ ਰਹੀ ਹੈ ਭੀੜ ਪੰਜਾਬੀਆਂ ਨੂੰ।
ਇਸਲਾਮਾਬਾਦ ਤੇ ਦਿੱਲੀ ਰਹੇ ਚੱਟ ਮੱਖਣ,
ਮਿਲ ਗਈ ਸਿਰਫ ਹੈ ਪੀੜ ਪੰਜਾਬੀਆਂ ਨੂੰ।

ਤੀਸ ਮਾਰ ਖਾਂ

# ਮੋਦੀ ਦਾ ਦੇਸ਼ ਦੇ ਨਾਂਅ ਭਾਸ਼ਣ: ਜੰਮੂ-ਕਸ਼ਮੀਰ ਨੂੰ ਪਰਵਾਰਵਾਦ, ਭ੍ਰਿਸ਼ਟਾਚਾਰ,ਅੱਤਵਾਦ ਦੇ ਬਿਨਾਂ ਧਾਰਾ 370 ਅਤੇ 35ਏ ਨੇ ਕੀ ਦਿੱਤੈ



ਨਵੀਂ ਦਿੱਲੀ, 8 ਅਗਸਤ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਜੰਮੂ-ਕਸ਼ਮੀਰ ਨੂੰ ਧਾਰਾ 370 ਅਤੇ 35 ਏ ਨਾਲਵੱਖਵਾਦ, ਅੱਤਵਾਦ, ਪਰਵਾਰਵਾਦ ਅਤੇ ਵਿਵਸਥਾ ਵਿੱਚ ਵੱਡੇ ਪੱਧਰ ਉੱਤੇ ਭ੍ਰਿਸ਼ਟਾਚਾਰ ਤੋਂ ਇਲਾਵਾ ਕੁਝ ਨਹੀਂਮਿਲ ਸਕਿਆ।

ਟੈਵੀਵਿਜ਼ਨ ਉੱਤੇਦੇਸ਼ ਵਾਸੀਆਂ ਦੇ ਨਾਂਅ ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਧਾਰਾ 370 ਖ਼ਤਮ ਕਰਨਨੂੰ ਇਤਿਹਾਸਕ ਕਦਮ ਕਰਾਰ ਦੇਂਦੇ ਹੋਏਕਿਹਾ ਕਿ ਪਾਕਿਸਤਾਨ ਵਲੋਂਜੰਮੂ ਕਸ਼ਮੀਰ ਦੀਆਂ ਦੋ ਧਾਰਾਵਾਂ ਨੂੰ ਭਾਰਤ ਵਿਰੁੱਧ ਕੁਝ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਲਈ ਹਥਿਆਰ ਵਜੋਂਵਰਤਿਆ ਜਾਂਦਾ ਸੀ। ਮੋਦੀ ਨੇ ਕਿਹਾ ਕਿ ਧਾਰਾ 370 ਅਤੇ 35 ਏ ਕਾਰਨ ਤਿੰਨ ਦਹਾਕਿਆਂ ਵਿੱਚਇਸ ਰਾਜ ਵਿਚ 42 ਹਜ਼ਾਰ ਬੇਦੋਸ਼ੇ ਲੋਕ ਮਾਰੇ ਗਏ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕੋਈ ਵੀ ਸਰਕਾਰ ਹੋਵੇ, ਉਹ ਪਾਰਲੀਮੈਂਟ ਵਿੱਚ ਕਾਨੂੰਨ ਬਣਾ ਕਿ ਦੇਸ਼ ਦੀ ਭਲਾਈ ਦੇ ਕੰਮ ਕਰਦੀ ਹੈ, ਪਰ ਕੋਈ ਸੋਚਨਹੀਂਸਕਦਾ ਕਿ ਪਾਰਲੀਮੈਂਟ ਵੱਡੀ ਗਿਣਤੀ ਵਿੱਚ ਕਾਨੂੰਨ ਬਣਾਵੇ ਐ ਉਹ ਕਾਨੂੰਨ ਇਸ ਦੇਸ਼ ਦੇ ਇਕ ਹਿੱਸੇ ਵਿਚ ਲਾਗੂ ਹੀ ਨਾ ਹੋਣ, ਇਹ ਸਥਿਤੀ ਬਣੀ ਹੋਈ ਸੀ।

ਉਨ੍ਹਾਂ ਇਹ ਵੀ ਕਿਹਾ ਕਿ ਜੰਮੂ-ਕਸ਼ਮੀਰ ਨੂੰ ਸਿੱਧੇ ਕੇਂਦਰ ਦੇ ਸ਼ਾਸਨ ਵਿੱਚ ਰੱਖਣ ਦਾ ਫ਼ੈਸਲਾ ਕਾਫ਼ੀ ਸੋਚ-ਵਿਚਾਰ ਕੇ ਲਿਆ ਹੈ। ਨਰਿੰਦਰ ਮੋਦੀ ਨੇ ਕਿਹਾ ਕਿ ਇਕ ਰਾਸ਼ਟਰ ਵਜੋਂ, ਇੱਕ ਪਰਵਾਰ ਵਜੋਂ ਤੁਸੀਂ, ਅਸੀਂ, ਪੂਰੇ ਦੇਸ਼ ਨੇ ਸਾਂਝਾ ਇਤਿਹਾਸਕ ਫ਼ੈਸਲਾ ਲਿਆ ਹੈ। ਇਕ ਅਜਿਹੀ ਵਿਵਸਥਾ, ਜਿਸ ਕਾਰਨ ਜੰਮੂ-ਕਸ਼ਮੀਰ ਤੇ ਲੱਦਾਖ ਦੇ ਸਾਡੇ ਭਰਾ-ਭੈਣ ਕਈ ਅਧਿਕਾਰਾਂ ਤੋਂ ਵਾਂਝੇ ਸਨ, ਜੋ ਉਨ੍ਹਾਂ ਦੇ ਵਿਕਾਸ ਵਿੱਚ ਵੱਡੀ ਸਮੱਸਿਆ ਸੀ, ਦੂਰ ਕਰ ਦਿੱਤੀ ਹੈਤੇਨਵੀਂ ਵਿਵਸਥਾ ਵਿੱਚ ਕੇਂਦਰ ਸਰਕਾਰ ਦਾ ਇਹ ਮੁੱਖ ਕੰਮ ਹੈ ਕਿ ਏਥੋਂ ਦੇ ਲੋਕਾਂ, ਜੰਮੂ-ਕਸ਼ਮੀਰ ਪੁਲਿਸ, ਦੂਜੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਦੇ ਮੁਲਾਜ਼ਮਾਂ ਤੇ ਓਥੇ ਦੀ ਪੁਲਿਸ ਨੂੰ ਬਰਾਬਰ ਸਹੂਲਤਾਂ ਮਿਲਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਕਿਸੇ ਨਾਲ ਗੱਲ ਕਰੋ ਤਾਂ ਕੋਈ ਨਹੀਂ ਦੱਸਦਾ ਕਿ ਧਾਰਾ 370 ਨਾਲ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਕੀ ਲਾਭ ਹੋਇਆ। ਉਨ੍ਹਾਂ ਕਿਹਾ ਕਿ ਛੇਤੀ ਹੀ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਕੇਂਦਰੀ ਤੇ ਸੂਬਾਈਸਰਕਾਰ ਦੇ ਖਾਲੀ ਅਹੁਦੇ ਭਰਨ ਦਾਕੰਮ ਸ਼ੁਰੂ ਹੋਵੇਗਾ, ਜਿਸ ਦੇ ਨਾਲ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲੇਗਾ।

# ਬਾਦਲਾਂ ਦੀ ਬੱਸ ਨੇ ਚਾਰ ਨੌਜਵਾਨ ਦਰੜ ਕੇ ਮਾਰ ਸੁੱਟੇ

ਮੰਡੀ ਬਰੀਵਾਲਾ, 8 ਅਗਸਤ (ਪੋਸਟ ਬਿਊਰੋ)- ਪਿੰਡ ਵੜਿੰਗ ਦੇ ਟੋਲ ਪਲਾਜ਼ਾ ਨੇੜੇ ਬਾਦਲ ਪਰਵਾਰ ਦੀ ਮਾਲਕੀ ਵਾਲੀ ਬੱਸ ਅਤੇ ਮੋਟਰ ਸਾਈਕਲ ਦੀ ਸਿੱਧੀ ਟੱਕਰ 'ਚ ਚਾਰ ਨੌਜਵਾਨਾਂ ਦੀ ਮੌਤ ਹੋ ਗਈ ਹੈ। ਕੱਲ੍ਹ ਸਵੇਰੇ ਕਰੀਬ 9.45 ਵਜੇ ਮੁਕਤਸਰ ਸਾਹਿਬ ਤੋਂ ਮੋਗੇ ਅਤੇ ਲੁਧਿਆਣੇ ਵੱਲ ਜਾਂਦੀ ਡੱਬਵਾਲੀ ਟਰਾਂਸਪੋਰਟ ਕੰਪਨੀ ਦੀ ਬੱਸ ਜਦੋਂ ਪਿੰਡ ਵੜਿੰਗ ਕੋਲ ਟੋਲ ਪਲਾਜ਼ੇ ਨੇੜੇ ਪੁੱਜੀ ਤਾਂ ਸਾਹਮਣੇ ਤੋਂ ਆ ਰਹੇ ਮੋਟਰ ਸਾਈਕਲ 'ਤੇ ਸਵਾਰ ਚਾਰ ਨੌਜਵਾਨਾਂ ਦੀ ਬੱਸ ਨਾਲ ਸਿੱਧੀ ਟੱਕਰ ਹੋ ਗਈ। ਬੱਸ ਮੋਟਰ ਸਾਈਕਲ ਨੂੰ ਘਸੀਟਦੇ ਹੋਏ ਕਾਫੀ ਦੂਰ ਤੱਕ ਲੈ ਗਈ। ਮੋਟਰ ਸਾਈਕਲ ਸਵਾਰ ਚਾਰ ਨੌਜਵਾਨਾਂ ਵਿੱਚੋਂ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ। ਇਕ ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ, ਜਿਸ ਨੂੰ ਮੁਕਤਸਰ ਦੇ ਹਸਪਤਾਲ ਲਿਜਾਇਆ ਗਿਆ ਪਰ ਉਥੇ ਉਸ ਨੇ ਵੀ ਦਮ ਤੋੜ ਦਿੱਤਾ। ਹਾਦਸੇ 'ਚ ਮਰੇ ਚਾਰੇ ਨੌਜਵਾਨ ਅਮਨਦੀਪ ਸਿੰਘ ਪੁੱਤਰ ਜਗਸੀਰ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ, ਜਗਰਾਜ ਸਿੰਘ ਉਰਫ ਪੀਪਾ ਸਿੰਘ ਪੁੱਤਰ ਮੇਜਰ ਸਿੰਘ, ਗੁਰਮੁਖ ਸਿੰਘ ਪੁੱਤਰ ਜਗਤਾਰ ਸਿੰਘ ਪਿੰਡ ਵੜਿੰਗ ਦੇ ਸਨ। ਇਨ੍ਹਾਂ ਦੀ ਉਮਰ 18 ਤੋਂ 20 ਸਾਲ ਤੱਕ ਸੀ। ਘਟਨਾ ਦਾ ਪਤਾ ਲੱਗਦਿਆਂ ਸਾਰ ਥਾਣਾ ਬਰੀਵਾਲਾ ਦੀ ਮੁਖੀ ਰੁਪਿੰਦਰ ਕੌਰ ਪੁਲਸ ਟੀਮ ਸਮੇਤ ਮੌਕੇ ਉੱਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ।

# ਮਿਨੀਵੈਨ ਤੇ ਬੱਘੀ ਦੀ ਟੱਕਰ ਵਿੱਚ ਚਾਰ ਜ਼ਖ਼ਮੀ, ਇੱਕ ਨੂੰ ਕੀਤਾ ਗਿਆ ਚਾਰਜ



ਓਨਟਾਰੀਓ, 8 ਅਗਸਤ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਇੱਕ ਮਿਨੀਵੈਨ ਅਤੇ ਘੋੜਾ ਬੱਘੀ ਦਰਮਿਆਨ ਹੋਈ ਟੱਕਰ ਤੋਂ ਬਾਅਦ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ ਤੇ ਚਾਰ ਹੋਰਨਾਂ ਨੂੰ ਹਸਪਤਾਲ ਭੇਜਿਆ ਗਿਆ। ਇਨ੍ਹਾਂ ਵਿੱਚੋਂ ਤਿੰਨ ਬੱਚੇ ਹਨ।

ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਲੰਡਨ, ਓਨਟਾਰੀਓ ਤੋਂ ਉੱਤਰ ਵੱਲ ਜ਼ੋਰਾ ਟਾਊਨਸ਼ਿਪ ਵਿੱਚ ਬੁੱਧਵਾਰ ਨੂੰ ਸਵੇਰੇ 10:00 ਵਜੇ ਹੋਇਆ। ਉਨ੍ਹਾਂ ਦੱਸਿਆ ਕਿ ਇੱਕ 84 ਸਾਲਾ ਬਜ਼ੁਰਗ ਬੱਘੀ ਚਲਾ ਰਿਹਾ ਸੀ ਤੇ ਇੱਕ ਮਿਨੀਵੈਨ ਪਿਛਲੇ ਪਾਸਿਓਂ ਆਣ ਟਕਰਾਈ। ਪੁਲਿਸ ਨੇ ਦੱਸਿਆ ਕਿ ਹਾਦਸੇ ਵਿੱਚ ਦੋ ਸਾਲਾ ਬੱਚਾ, ਛੇ ਸਾਲਾ ਬੱਚਾ ਤੇ ਨੌਂ ਸਾਲਾ ਬੱਚੀ ਅਤੇ ਉਨ੍ਹਾਂ ਦਾ 41 ਸਾਲਾ ਪਿਤਾ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਫੌਰਨ ਹਸਪਤਾਲ ਲਿਜਾਇਆ ਗਿਆ।

ਓਪੀਪੀ ਦੇ ਕਾਂਸਟੇਬਲ ਐਂਡ ਸੈਨਚੱਕ ਦਾ ਕਹਿਣਾ ਹੈ ਕਿ ਚਾਰੇ ਵਿਅਕਤੀਆਂ ਦੀ ਸਥਿਤੀ ਸਥਿਰ ਹੈ ਤੇ ਮਿਨੀਵੈਨ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਲਾਪਰਵਾਹੀ ਨਾਲ ਡਰਾਈਵਿੰਗ ਕਰਨ ਦੇ ਦੋਸ਼ ਵਿੱਚ ਮਿਨੀਵੈਨ ਦੇ ਡਰਾਈਵਰ ਨੂੰ ਚਾਰਜ ਕੀਤਾ ਗਿਆ ਹੈ।

# ਚੁੰਨੀ ਲਾਲ ਗਾਬਾ ਦੇ ਪੋਤੇ ਦੀ ਜੁਵੇਨਾਇਲ ਕੋਰਟ ਵਿੱਚ ਸੁਣਵਾਈ ਦੀ ਅਰਜ਼ੀ ਰੱਦ

ਐਸ ਏ ਐਸ ਨਗਰ, 8 ਅਗਸਤ (ਪੋਸਟ ਬਿਊਰੋ)- ਭੋਲਾ ਡਰੱਗ ਕੇਸ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਵੱਖਰੇ ਤੌਰ 'ਤੇ ਦਰਜ ਕੀਤੇ ਹਵਾਲਾ ਰਾਸ਼ੀ ਮਾਮਲੇ 'ਚ ਨਾਮਜ਼ਦ ਚੁੰਨੀ ਲਾਲ ਗਾਬਾ ਦੇ ਪੋਤੇ ਖੁਸ਼ਾਂਥ ਗਾਬਾ ਨੇ ਸੀ ਬੀ ਆਈ ਦੇ ਵਿਸ਼ੇਸ਼ ਜੱਜ ਐਨ ਐਸ ਗਿੱਲ ਦੀ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਉਸ ਖਿਲਾਫ ਜੁਵੇਨਾਇਲ ਕੋਰਟ 'ਚ ਕੇਸ ਚਲਾਉਣ ਲਈ ਕਿਹਾ ਸੀ। ਖੁਸ਼ਾਂਤ ਦਾ ਕਹਿਣਾ ਸੀ ਕਿ ਉਸ ਦੇ ਖਿਲਾਫ ਜਿਹੜੀਆਂ ਦੋ ਪ੍ਰਾਪਰਟੀਆਂ ਉਸ ਦੇ ਨਾਂਅ ਹੋਣ ਦੀ ਗੱਲ ਕਹੀ ਜਾ ਰਹੀ ਸੀ, ਉਹ ਉਸ ਸਮੇਂ ਨਾਬਾਲਗ ਸੀ।

ਅਦਾਲਤ ਵਿੱਚ ਈ ਡੀ ਦੇ ਵਕੀਲ ਜਗਜੀਤਪਾਲ ਸਿੰਘ ਸਰੋਆ ਨੇ ਇਸ ਅਰਜ਼ੀ 'ਤੇ ਬਹਿਸ ਕਰਦਿਆਂ ਕਿਹਾ ਕਿ ਖੁਸ਼ਾਂਤ ਗਾਬਾ ਜਦੋਂ ਨਾਬਾਲਗ ਸੀ, ਉਸ ਸਮੇਂ ਉਸ ਦੇ ਨਾਂਅ ਉਤੇ ਦੋ ਪ੍ਰਾਪਰਟੀਆਂ ਤੇ ਉਸ ਦੇ ਬੈਂਕ ਖਾਤਿਆਂ ਰਾਹੀਂ ਲੈਣ ਦੇਣ ਹੋਇਆ ਸੀ, ਪ੍ਰੰਤ ਜਦੋਂ ਖੁਸ਼ਾਂਤ ਗਾਬਾ ਬਾਲਗ ਹੋਇਆ ਤਾਂ ਉਸ ਦੇ ਤਿੰਨ ਬੈਂਕ ਖਾਤਿਆਂ 'ਚ ਕਰੋੜਾਂ ਰੁਪਏ ਦਾ ਲੈਣ ਦੇਣ ਹੋਇਆ ਹੈ, ਇਸ ਲਈ ਖੁਸ਼ਾਂਤ ਗਾਬਾ ਖਿਲਾਫ ਇਸੇ ਅਦਾਲਤ 'ਚ ਕੇਸ ਚੱਲਣਾ ਚਾਹੀਦਾ ਹੈ। ਅਦਾਲਤ ਨੇ ਈ ਡੀ ਦੇ ਵਕੀਲ ਤੇ ਬਚਾਅ ਪੱਖ ਦੇ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਖੁਸ਼ਾਂਤ ਗਾਬਾ ਦੀ ਜੁਵੇਨਾਇਲ ਕੋਰਟ 'ਚ ਕੇਸ ਚਲਾਉਣ ਵਾਲੀ ਅਰਜ਼ੀ ਨੂੰ ਖਾਰਜ ਕਰ ਦਿੱਤਾ।

# ਉੱਤਰਾ ਖੰਡ ਦੇ ਪੰਜ ਸਾਬਕਾ ਮੁੱਖ ਮੰਤਰੀਆਂ ਨੂੰ ਹਾਈ ਕੋਰਟ ਦਾ ਵੱਡਾ ਝਟਕਾ

ਨੈਨੀਤਾਲ, 8 ਅਗਸਤ, (ਪੋਸਟ ਬਿਊਰੋ)- ਉੱਤਰਾ ਖੰਡ ਦੇ ਚਾਰ ਸਾਬਕਾ ਮੁੱਖ ਮੰਤਰੀਆਂ ਨੂੰ ਸਰਕਾਰੀ ਰਿਹਾਇਸ਼ ਅਤੇ ਹੋਰਨਾਂ ਸਹੂਲਤਾਂ ਦੇ ਲਈ ਆਪਣੇ ਜ਼ਿਮੇ ਬਣਦਾ ਬਕਾਇਆ ਚੁਕਾਉਣਾ ਹੀ ਹੋਵੇਗਾ।

ਇਸ ਸੰਬੰਧ ਵਿੱਚ ਹਾਈ ਕੋਰਟ ਨੇ ਬਕਾਇਆ ਕਿਰਾਇਆ ਜਮ੍ਹਾਂ ਕਰਾਉਣ ਦੇ ਪਿਛਲੇ ਹੁਕਮ ਦੇ ਖ਼ਿਲਾਫ਼ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ ਤੇ ਸਾਬਕਾ ਮੁੱਖ ਮੰਤਰੀ ਵਿਜੇ ਬਹੁਗੁਣਾ ਦੀ ਮੁੜ ਵਿਚਾਰ ਅਰਜ਼ੀਰੱਦ ਕਰ ਦਿੱਤੀ ਹੈ। ਭਗਤ ਸਿੰਘ ਕੋਸ਼ਿਆਰੀ ਨੇ ਆਪਣੀ ਮੰਦੀ ਮਾਲੀ ਹਾਲਤ ਦਾ ਹਵਾਲਾ ਦੇ ਕੇ ਬਕਾਏ ਜਮ੍ਹਾਂ ਕਰਨ ਤੋਂ ਅਸਮਰੱਥਾ ਦੱਸੀ ਸੀ ਅਤੇ ਵਿਜੇ ਬਹੁਗੁਣਾ ਨੇ ਬੰਬੇ ਹਾਈ ਕੋਰਟ ਦੇ ਜੱਜ ਤੇ ਪਾਰਲੀਮੈਂਟ ਮੈਂਬਰ ਵਜੋਂ ਆਪਣੀਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਣ ਦਾ ਆਧਾਰ ਬਣਾ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਗਿਆ। ਹਾਈ ਕੋਰਟ ਨੇ ਉਨ੍ਹਾਂ ਦੋਵਾਂ ਦੀ ਮੁੜ ਵਿਚਾਰ ਪਟੀਸ਼ਨ ਨੂੰ ਇਸ ਦਾ ਕੋਈ ਕਾਨੂੰਨੀ ਆਧਾਰ ਨਾ ਹੋਣ ਕਾਰਨ ਰੱਦ ਕਰ ਦਿੱਤਾ ਹੈ।

ਡੇਹਰਾਦੂਨ ਦੀ ਰੂਰਲ ਲਿਟੀਗੇਸ਼ਨ ਐਂਡ ਇਨਲਾਈਟਿਨਮੈਂਟ ਕੇਂਦਰ (ਰੂਲਕ) ਨਾਂਅ ਵਾਲੀ ਸੰਸਥਾ ਨੇ 2010 ਵਿਚ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਇਨ੍ਹਾਂ ਸਾਬਕਾ ਮੁੱਖ ਮੰਤਰੀਆਂ ਨੂੰ ਸਰਕਾਰ ਵੱਲੋਂ ਮਿਲੀ ਸਰਕਾਰੀ ਰਿਹਾਇਸ਼ ਤੇਹੋਰ ਸਹੂਲਤਾਂ

*** ਸਹੂਲਤਾਂ ਦੇ ਲੱਖਾਂ ਰੁਪਏ ਦੇ ਬਕਾਏ ਭਰਨ ਦੇ ਹੁਕਮ ਜਾਰੀ**

ਨੂੰ ਚੁਣੌਤੀ ਦਿੱਤੀ ਅਤੇ ਕਿਹਾ ਸੀ ਕਿ ਸਾਬਕਾ ਮੁੱਖ ਮੰਤਰੀਆਂ ਤੋਂ ਸਰਕਾਰੀ ਰਿਹਾਇਸ਼ ਦੇ ਸਮੇਤ ਸਹੂਲਤਾਂ ਦਾ ਬਕਾਇਆ ਲਿਆ ਜਾਵੇ। ਪਟੀਸ਼ਨਰ ਨੇਆਪਣੀ ਇਕੱਠੀ ਕੀਤੀ ਜਾਣਕਾਰੀ ਮੁਤਾਬਕ ਸਾਬਕਾ ਮੁੱਖ ਮੰਤਰੀਆਂ ਤੋਂ ਕਰੀਬ 14 ਕਰੋੜ ਬਕਾਏ ਵਸੂਲਣ ਦੀ ਮੰਗ ਕੀਤੀ ਸੀ। ਬੀਤੇ ਮਈ ਵਿਚ ਹਾਈ ਕੋਰਟ ਨੇ ਛੇ ਮਹੀਨਿਆਂ ਵਿੱਚ ਮਕਾਨ ਕਿਰਾਏ ਸਮੇਤ ਸਭ ਸਹੂਲਤਾਂ ਦਾ ਵੇਰਵਾ ਤਿਆਰ ਕਰ ਕੇ ਸਾਬਕਾ ਮੁੱਖ ਮੰਤਰੀਆਂ ਤੋਂ ਬਕਾਏ ਲੈਣ ਦਾ ਹੁਕਮ ਜਾਰੀ ਕੀਤਾ ਸੀ। ਇਸ ਦੇ ਖ਼ਿਲਾਫ਼ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ ਤੇ ਵਿਜੇ ਬਹੁਗੁਣਾ ਨੇ ਮੁੜ ਵਿਚਾਰ ਦੀ ਅਰਜ਼ੀ ਦਿੱਤੀ ਸੀ। ਬੀਤੇ ਬੁੱਧਵਾਰ ਉੱਤਰਾ ਖੰਡ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀਆਂ ਦੀ ਮੁੜ ਵਿਚਾਰ ਦੀ ਅਰਜ਼ੀ ਰੱਦ ਕਰ ਦਿੱਤੀ। ਪਟੀਸ਼ਨਰ ਦੇ ਵਕੀਲ ਕਾਰਤੀਕੇਯ ਹਰੀਗੁਪਤਾ ਮੁਤਾਬਕ ਕੋਰਟ ਨੇ ਕਿਹਾ ਕਿ ਪਹਿਲੇ ਫ਼ੈਸਲੇ ਨੂੰ ਚੁਣੌਤੀ ਦਾ ਕਾਨੂੰਨੀ ਆਧਾਰ ਨਹੀਂ ਹੈ। ਹਾਈ ਕੋਰਟ ਦੇ ਇਸ ਹੁਕਮ ਨਾਲ ਸਾਬਕਾ ਮੁੱਖ ਮੰਤਰੀਆਂ ਨੂੰ ਇਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ।

ਉੱਤਰਾ ਖੰਡ ਸਰਕਾਰ ਨੇ ਕੋਰਟ ਨੂੰ ਦਿੱਤੀ ਰਿਪੋਰਟ ਵਿਚ ਮੰਨਿਆ ਹੈ ਕਿ ਉਸ ਦੇ ਪੰਜ ਸਾਬਕਾ ਮੁੱਖ ਮੰਤਰੀਆਂ ਉੱਤੇ ਕਰੀਬ 2.85 ਕਰੋੜ ਰੁਪਏ ਬਾਕੀ ਹਨ। ਇਨ੍ਹਾਂ ਵਿਚੋਂ ਸਾਬਕਾ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਕੇਂਦਰੀ ਮੰਤਰੀ ਡਾ. ਰਮੇਸ਼ ਪੋਖਰਿਆਲ ਨਿਸ਼ੰਕ ਉੱਤੇ 40.85 ਲੱਖ ਰੁਪਏ, ਬੀਸੀ ਖੰਡੂਰੀ ਉੱਤੇ 46.95 ਲੱਖ ਰੁਪਏ, ਵਿਜੇ ਬਹੁਗੁਣਾ ਉੱਤੇ 37.50 ਲੱਖ ਰੁਪਏ, ਭਗਤ ਸਿੰਘ ਕੋਸ਼ਿਆਰੀ ਉੱਤੇ 47.57 ਲੱਖ ਰੁਪਏ, ਮਰਹੂਮ ਸਾਬਕਾ ਮੁੱਖ ਮੰਤਰੀ ਐੱਨ ਡੀ ਤਿਵਾੜੀ ਉੱਤੇ 1.13 ਕਰੋੜ ਰੁਪਏ ਬਕਾਇਆ ਨਿਕਲ ਰਹੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਪਾਕਿ ਵਿਦੇਸ਼ ਮੰਤਰਾਲੇ ਨੇ ਕਿਹਾ: ਭਾਰਤ-ਪਾਕਿ ਤਣਾਅ ਦੇ ਬਾਵਜੂਦ ਕਰਤਾਰਪੁਰ ਲਾਂਘੇ ਵਾਲਾ ਕੰਮ ਨਹੀਂ ਰੁਕੇਗਾ



ਨਵੀਂ ਦਿੱਲੀ, 8 ਅਗਸਤ, (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਕਰਤਾਰਪੁਰ ਸਾਹਿਬ ਦੇ ਲਈ ਭਾਰਤੀ ਪੰਜਾਬ ਦੇ ਡੇਰਾ ਬਾਬਾ ਨਾਨਕ ਤੋਂ ਦਿੱਤੇ ਜਾਣ ਵਾਲੇ ਲਾਂਘੇ ਦਾ ਕੰਮ ਏਸੇ ਤਰ੍ਹਾਂ ਚੱਲਦਾ ਰਹੇਗਾ ਤੇ ਇਸ ਕੰਮ ਉੱਤੇ ਭਾਰਤ ਨਾਲ ਰਿਸ਼ਤਿਆਂ ਦੀ ਜੰਮੂ-ਕਸ਼ਮੀਰ ਵਾਲੇ ਤਣਾਅ ਦਾ ਕੋਈ ਅਸਰ ਨਹੀਂ ਪਵੇਗਾ।

ਵਰਨਣ ਯੋਗ ਹੈ ਕਿ ਭਾਰਤ ਵੱਲੋਂ ਜੰਮੂ-ਕਸ਼ਮੀਰ ਦਾ ਪੂਰੇ ਸੂਬੇ ਦਾ ਦਰਜਾ ਖ਼ਤਮ ਕੀਤੇ ਜਾਣ ਤੇ ਇਸ ਦੇ ਵਿਰੋਧ ਵਿੱਚ ਪਾਕਿਸਤਾਨ ਵੱਲੋਂ ਭਾਰਤੀ ਹਾਈ ਕਮਿਸ਼ਨਰ ਨੂੰ ਵਾਪਸ ਭੇਜੇ ਜਾਣ ਦੇ ਨਾਲ ਕਾਰੋਬਾਰੀ ਰਿਸ਼ਤੇ ਖ਼ਤਮ ਕਰਨ ਪਿੱਛੋਂਪਾਕਿਸਤਾਨ ਵਿਦੇਸ਼ ਮੰਤਰਾਲੇਨੇ ਇਹ ਬਿਆਨ ਦਿੱਤਾ ਹੈ। ਉਨ੍ਹਾਂ ਵੱਲੋਂ ਭਾਰਤ ਨਾਲ ਕੂਟਨੀਤਕ ਸਬੰਧਾਂ ਦਾਫ਼ੈਸਲੈ ਲੈਣ ਤੋਂ ਬਾਅਦ ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਬੁਧਵਾਰ ਨੂੰ ਕਰਤਾਰਪੁਰ ਲਾਂਘੇ ਦੇ ਕੰਮ ਬਾਰੇ ਚਿੰਤਾ ਪ੍ਰਗਟ ਕੀਤੀ ਤੇ ਕਿਹਾ ਸੀ ਕਿ ਉਹ ਆਸ ਕਰਦੇ ਹਨ ਕਿ ਇਸ ਘਟਨਾ ਦਾ ਪ੍ਰਭਾਵ ਕਰਤਾਰਪੁਰ ਲਾਂਘੇ ਉੱਤੇ ਨਹੀਂ ਪਵੇਗਾ ਤੇ ਪਾਕਿ-ਸਤਾਨ ਇਹ ਕੰਮ ਰੋਕ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਨਹੀਂ ਮਾਰੇਗਾ। ਪਾਕਿ ਵਿਦੇਸ਼ ਮੰਤਰਾਲਾ ਨੇ ਅੱਜ ਸਾਫ ਕਰ ਦਿੱਤਾ ਹੈ ਕਿ ਕਰਤਾਰਪੁਰ ਲਾਂਘੇ ਦਾ ਕੰਮ ਅੱਗੇ ਵਾਂਗ ਹੀ ਚੱਲਦਾ ਰਹੇਗਾ।

ਇਸ ਦੌਰਾਨ ਪਾਕਿਸਤਾਨੀ ਮੀਡੀਆ ਨੇ ਜਾਣਕਾਰੀ ਦਿੱਤੀ ਹੈ ਕਿ ਕਰਤਾਰਪੁਰ ਲਾਂਘੇ ਦਾ ਕੰਮ ਤੇਜ਼ੀ ਨਾਲ ਹੋ ਰਿਹਾ ਹੈ ਅਤੇ ਜ਼ੀਰੋ ਲਾਈਨ ਤੋਂ ਗੁਰਦੁਆਰਾ ਸਾਹਿਬ ਤਕ ਲਗਭਗ 90 ਫ਼ੀਸਦੀ ਕੰਮ ਪੂਰਾ ਹੋ ਚੁੱਕਾ ਹੈ। ਇਸ ਸਾਲ ਨਵੰਬਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਸ ਦਾ ਉਦਘਾਟਨ ਕੀਤੇ ਜਾਣ ਦੀ ਯੋਜਨਾ ਹੈ।

# ਕਸ਼ਮੀਰ ਮੁੱਦੇ ਦੀ ਬਹਿਸ ਕਰਦੇ ਪਾਕਿਸਤਾਨੀ ਲੀਡਰ ਆਪੋ ਵਿੱਚ ਗਾਲ੍ਹੋ-ਗਾਲ੍ਹੀ ਹੋ ਪਏ

## * ਪਾਕਿ ਪਾਰਲੀਮੈਂਟ ਵਿੱਚ ਐੱਮ ਪੀ ਅਤੇ ਮੰਤਰੀ ਵੱਲੋਂ ਬਦਜ਼ਬਾਨੀ



ਇਸਲਾਮਾਬਾਦ, 8 ਅਗਸਤ, (ਪੋਸਟ ਬਿਊਰੋ)- ਪਾਕਿਸਤਾਨੀ ਪਾਰਲੀਮੈਂਟ ਵਿੱਚ ਕੱਲ੍ਹ ਹੰਗਾਮੇ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ ਹੈ। ਇਸ ਵਿੱਚ ਪਾਕਿਸਤਾਨ ਦੀ ਵਿਰੋਧੀ ਧਿਰ ਮੁਸਲਿਮ ਲੀਗ ਨਵਾਜ਼ ਦੇ ਸੈਨੇਟਰ ਮੁਸ਼ਾਹਿਦੁੱਲਾ ਖਾਨ ਅਤੇ ਸਾਇੰਸ ਤੇ ਤਕਨੀਕ ਬਾਰੇ ਮੰਤਰੀ ਫਵਾਦ ਚੌਧਰੀ ਨੇ ਪਾਰਲੀਮੈਂਟ ਦੇ ਸਾਂਝੇ ਸੈਸ਼ਨ ਦੌਰਾਨ ਇਕ-ਦੂਜੇ ਨੂੰ ਜਿਹੜੀਆਂ ਗਾਲ੍ਹਾਂ ਕੱਢੀਆਂ, ਉਹ ਸਾਫ ਸੁਣੀਆਂ ਦੱਸੀਆਂ ਗਈਆਂ ਹਨ। ਮੀਡੀਆ ਰਿਪੋਰਟ ਮੁਤਾਬਕ ਨੈਸ਼ਨਲ ਅਸੈਂਬਲੀ ਦੇ ਸਪੀਕਰ ਅਸਦ ਕੈਸਰ ਨਾਲ ਕਾਰਵਾਈ ਦੀ ਪ੍ਰਧਾਨਗੀ ਕਰਦੇ ਹੋਏ ਸੈਨੇਟ ਦੇ ਚੇਅਰਮੈਨ ਸਾਦਿਕ ਸੰਜਰਾਨੀ ਨੂੰ ਇਸਵਿੱਚ ਦਖਲ ਦੇ ਕੇ ਗੈਰ-ਪਾਰਲੀਮੈਂਟਰੀ ਸ਼ਬਦ ਵਾਪਸ ਲੈਣ ਦਾ ਹੁਕਮ ਦੇਣਾ ਪਿਆ।

ਅਸਲ ਵਿੱਚ ਸੈਨੇਟਰ ਮੁਸ਼ਾਹਿਦੁੱਲਾ ਖਾਨ ਨੇ ਜਦੋਂ ਭਾਸ਼ਣ ਸ਼ੁਰੂ ਕੀਤਾ ਤਾਂ ਸੂਚਨਾ ਤੇ ਤਕਨੀਕ ਮੰਤਰੀ ਨੇ ਆਪਣੀ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਪਿੱਛੋਂਮੁਸ਼ਾਹਿਦੁੱਲਾ ਖਾਨ ਨੇ ਫੈਡਰਲ ਮੰਤਰੀ ਨੂੰ 'ਡੱਬੂ' ਕਹਿ ਕੇ ਨਾਲ ਇਹ ਕਹਿ ਦਿੱਤਾ ਕਿ 'ਮੈਂ ਤੈਨੂੰ ਘਰੇ ਬੰਨ੍ਹ ਕੇ ਆਇਆ ਸੀ, ਤੂੰ ਫਿਰ ਏਥੇ ਆ ਗਿਐਂ'। ਇਸ ਮਗਰੋਂਦੋਵੇਂ ਪਾਰਲੀਮੈਂਟ ਮੈਂਬਰ ਇਕ ਦੂਜੇ ਨੂੰ ਕੁੱਟਣ ਉੱਤੇ ਉਤਾਰੂ ਜਾਪਣ ਲੱਗੇ ਤੇਮੁਸ਼ਾਹਿਦੁੱਲਾ ਖਾਨ ਨੇ ਸੂਚਨਾ ਮੰਤਰੀ ਚੌਧਰੀ ਨੂੰ 'ਸੰਢਾ' ਕਹਿ ਦਿੱਤਾ। ਫਿਰਸੂਚਨਾ ਮੰਤਰੀ ਨੇ ਕਿਹਾ ਕਿ ਪਾਰਲੀਮੈਂਟ ਵਿੱਚ ਡਾਕੂ ਬਿਠਾਏ ਹਨ। ਓਦੋਂਪਾਰਲੀਮੈਂਟ ਦਾ ਮਾਹੌਲ ਏਨਾ ਗਰਮ ਹੋ ਗਿਆ ਕਿ ਦੋਵਾਂ ਮੰਤਰੀਆਂ ਨੇ ਸਪੀਕਰ ਵੱਲ ਵੇਖੇ ਬਿਨਾਂ ਇਕ ਦੂਜੇ ਨੂੰ ਗਾਲ੍ਹ-ਮੰਦਾ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਨੇ ਬੜੀ ਮੁਸ਼ਕਲ ਨਾਲ ਮੰਤਰੀ ਫਵਾਦ ਚੌਧਰੀ ਨੂੰ ਕੰਟਰੋਲ ਕੀਤਾ ਅਤੇ ਸ਼ਾਂਤ ਕਰਕੇ ਬਿਠਾਇਆ।

ਵਰਨਣ ਯੋਗ ਹੈ ਕਿਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਦੀ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਦੇ ਫੈਸਲੇ ਉੱਤੇ ਚਰਚਾ ਕਰਨ ਲਈ ਪਾਕਿਸਤਾਨਸਰਕਾਰ ਨੇਮੰਗਲਵਾਰ ਇਹ ਵਿਸ਼ੇਸ਼ ਸੈਸ਼ਨ ਬੁਲਾਇਆ ਸੀ, ਜਿਸ ਵਿੱਚ ਮੰਤਰੀ ਅਤੇ ਮੈਂਬਰ ਗਾਲ੍ਹੋ-ਗਾਲ੍ਹੀ ਹੋ ਪਏ।

ਇਸ ਦੌਰਾਨ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕਰਨ ਦੇ ਫੈਸਲੇ ਕਾਰਨ ਭਾਰਤ-ਪਾਕਿ ਵਿੱਚ ਦੂਰੀਆਂ ਹੋਰ ਵਧ ਗਈਆਂ ਤੇ ਅੱਜ ਪਾਕਿਸਤਾਨ ਨੇ ਦੋਵਾਂ ਦੇਸ਼ਾਂ ਵਿਚਾਲੇ ਹਫ਼ਤੇ ਵਿੱਚ ਦੋ ਵਾਰ ਸੋਮਵਾਰ ਤੇ ਵੀਰਵਾਰ ਨੂੰ ਚੱਲਣ ਵਾਲੀ ਸਮਝੌਤਾ ਐਕਸਪ੍ਰੈੱਸ ਰੇਲ ਗੱਡੀ ਨੂੰ ਵਾਹਗਾ ਰੇਲਵੇ ਸਟੇਸ਼ਨ ਉੱਤੇ ਰੋਕ ਲਿਆ। ਸਮਝੌਤਾ ਐਕਸਪ੍ਰੈੱਸ ਗੱਡੀ ਨੂੰ ਵਾਹਗਾ (ਪਾਕਿਸਤਾਨ) ਵਿਖੇ ਰੋਕੇ ਜਾਣ ਦਾ ਸੰਦੇਸ਼ ਸੁਣਨ ਪਿੱਛੋਂਬਾਅਦ ਦੁਪਹਿਰ ਰੇਲਵੇ ਸਟੇਸ਼ਨ ਅਟਾਰੀ ਤੋਂ ਪਾਕਿਸਤਾਨ ਜਾਣ ਵਾਲੇ 70 ਮੁਸਾਫ਼ਿਰ ਵੀਬੇਚੈਨ ਹੋ ਗਏ। ਅਟਾਰੀਰੇਲਵੇ ਸਟੇਸ਼ਨ ਦੇਸੁਪਰਡੈਂਟਏਕੇ ਗੁਪਤਾ ਨੇ ਦੱਸਿਆ ਕਿ ਦੁਪਹਿਰ 12:55 ਵਜੇ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਵਾਹਗਾ ਤੋਂ ਫੋਨ ਉੱਤੇ ਸੁਨੇਹਾ ਮਿਲਿਆ ਕਿ ਪਾਕਿ-ਸਤਾਨ ਸਰਕਾਰ ਨੇ ਸਮਝੌਤਾ ਐਕਸਪ੍ਰੈੱਸ ਰੋਕ ਦਿੱਤੀ ਹੈ ਤੇ ਤੁਸੀਂ ਆਪ ਆ ਕੇ ਮੁਸਾਫ਼ਿਰਾਂ ਨੂੰ ਲੈ ਜਾਓ। ਇਸ ਮਗਰੋਂ ਭਾਰਤੀ ਰੇਲਵੇ ਦੇ ਡਰਾਈਵਰ ਓਮਾ ਸ਼ੰਕਰ ਤੇ ਦੋ ਹੋਰ ਮੁਲਾਜ਼ਮ ਭਾਰਤੀ ਇੰਜਣ ਨਾਲ ਪਾਕਿਸਤਾਨੀ ਰੇਲਵੇ ਸਟੇਸ਼ਨ ਵਾਹਗਾ ਪੁੱਜੇ ਅਤੇਓਥੋਂ ਸਮਝੌਤਾ ਐਕਸਪ੍ਰੈੱਸ ਵਿਚਲੇ 117 ਭਾਰਤੀ ਮੁਸਾਫਰਾਂ ਨੂੰ ਲੈ ਕੇ ਸ਼ਾਮ 5:20 ਵਜੇ ਅਟਾਰੀ ਰੇਲਵੇ ਸਟੇਸ਼ਨ ਪੁੱਜੇ ਤੇ ਬਾਅਦ ਵਿੱਚ ਪਾਕਿਸਤਾਨੀਮੁਸਾਫ਼ਿਰਾਂ ਨੂੰ ਵੀ ਇਸ ਰੇਲ ਗੱਡੀ ਰਾਹੀਂ ਵਾਹਗਾ ਰੇਲਵੇ ਸਟੇਸ਼ਨ ਤੱਕ ਪਹੁੰਚਾਇਆ ਗਿਆ।

# ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖ਼ਰਜੀ ਨੂੰ 'ਭਾਰਤ ਰਤਨ' ਸਨਮਾਨ ਦਿੱਤਾ ਗਿਆ



ਨਵੀਂ ਦਿੱਲੀ, 8 ਅਗਸਤ, (ਪੋਸਟ ਬਿਊਰੋ)- ਭਾਰਤ ਦੇ 13ਵੇਂ ਰਾਸ਼ਟਰਪਤੀ ਪ੍ਰਣਬ ਮੁਖ਼ਰਜੀ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਅੱਜਵੀਰਵਾਰ ਨੂੰਭਾਰਤ ਦੇ ਸਰਬ ਉੱਚ ਨਾਗਰਿਕ ਸਨਮਾਨ'ਭਾਰਤ ਰਤਨ' ਦੇ ਨਾਲ ਸਨਮਾਨਤ ਕੀਤਾ ਹੈ। ਇਸ ਮੌਕੇ ਇਹੋ ਸਨਮਾਨਸੋਸ਼ਲ ਵਰਕਰ ਨਾਨਾਜੀ ਦੇਸ਼ਮੁਖ ਅਤੇ ਅਸਮ ਦੇ ਪ੍ਰਸਿੱਧ ਗਾਇਕ ਭੂਪੇਨ ਹਜਾਰਿਕਾ ਨੂੰ ਮਰਨ ਉਪਰੰਤ ਦਿੱਤਾ ਗਿਆ। ਤਿੰਨਾਂ ਨੂੰ ਜਨਵਰੀ 2019 ਵਿਚ ਇਹ ਵੱਡਾ ਸਨਮਾਨ ਦੇਣ ਦਾ ਐਲਾਨ ਹੋਇਆ ਸੀ।ਸਵਰਗੀ ਗਾਇਕ ਭੂਪੇਨ ਹਜਾਰਿਕਾ ਬਾਰੇ ਉਨ੍ਹਾਂ ਦੇ ਪੁੱਤਰ ਤੇਜ ਹਜਾਰਿਕਾ ਤੇ ਨਾਨਾਜੀ ਦੇਸ਼ਮੁਖ ਦੇ ਲਈ ਦੀਨ ਦਿਆਲ ਰਿਸਰਚ ਇੰਸਟੀਚਿਊਟ ਦੇ ਚੇਅਰਮੈਨ ਵੀਰੇਂਦਰਜੀਤ ਸਿੰਘ ਨੇ ਭਾਰਤ ਰਤਨ ਸਨਮਾਨ ਹਾਸਲ ਕੀਤਾ ਹੈ।

ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖ਼ਰਜੀ ਦਾ ਰਾਜਸੀ ਜੀਵਨ ਲਗਪਗ ਪੰਜ ਦਹਾਕੇ ਰਿਹਾ ਅਤੇ ਉਹ ਕਾਂਗਰਸ ਨਾਲ ਜੁੜੇ ਰਹੇ। ਇਸ ਦੌਰਾਨ ਉਹ ਕਾਂਗਰਸ ਅਗਵਾਈ ਵਾਲੀਆਂ ਕਈ ਸਰਕਾਰਾਂ ਵਿਚ ਵੱਖ-ਵੱਖ ਅਹੁਦਿਆਂ ਉੱਤੇ ਰਹੇ ਅਤੇ ਫਿਰ 2012-17 ਤਕ ਉਹ ਰਾਸ਼ਟਰਪਤੀ ਰਹੇ। ਇਸ ਤੋਂ ਪਹਿਲਾਂ 2009 ਤੋਂ 2012 ਤਕ ਕੇਂਦਰੀ ਵਿੱਤ ਮੰਤਰੀ ਦੇ ਰੂਪ ਵਿਚ ਵੀ ਉਨ੍ਹਾਂ ਜ਼ਿਮੇਵਾਰੀ ਨਿਭਾਈ ਸੀ।ਪ੍ਰਣਬ ਮੁਖ਼ਰਜੀ ਦਾ ਜਨਮ ਪੱਛਮੀ ਬੰਗਾਲ ਦੇ ਵੀਰਭੂਮ ਜ਼ਿਲ੍ਹੇ ਦੇ ਮਿਰਾਤੀ ਪਿੰਡ ਵਿਚ 11 ਦਸੰਬਰ 1935 ਨੂੰ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਨ੍ਹਾਂ ਨੇ ਕਲਕੱਤਾ ਯੂਨੀਵਰਸਿਟੀ ਤੋਂ ਇਤਿਹਾਸ ਤੇ ਪੋਲੀਟੀਕਲ ਸਾਇੰਸ ਦੀ ਐੱਮ ਏ ਦੇ ਨਾਲ ਕਾਨੂੰਨ ਡਿਗਰੀ ਵੀ ਲਈ ਸੀ।

ਨਾਨਾਜੀ ਦੇਸ਼ਮੁਖ ਭਾਰਤੀ ਜਨਸੰਘ ਨਾਲ ਜੁੜੇ ਰਹੇ ਸਨ ਤੇ 1977 ਵਿਚ ਜਦੋਂ ਜਨਤਾ ਪਾਰਟੀ ਸਰਕਾਰ ਬਣੀ ਤਾਂ ਉਨ੍ਹਾਂ ਨੇ ਮੰਤਰੀ ਬਣਨ ਤੋਂ ਨਾਂਹ ਕਰ ਦਿੱਤੀ ਸੀ। ਉਹ ਜੀਵਨ ਭਰ ਦੀਨਦਿਆਲ ਖੋਜ ਸੰਸਥਾਨ ਲਈ ਕੰਮ ਕਰਦੇ ਰਹੇ ਸਨ। ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਨਿਯੁਕਤ ਕੀਤਾ ਅਤੇ ਪਦਮ ਵਿਭੂਸ਼ਨ ਨਾਲ ਸਨਮਾਨਤ ਕੀਤਾ ਸੀ।ਭੂਪੇਨ ਹਜਾਰਿਕਾ ਨੂੰ ਉੱਤਰ ਪੂਰਬੀ ਇਲਾਕੇ ਤੇ ਖ਼ਾਸ ਕਰ ਕੇ ਆਸਾਮ ਵਿੱਚ ਕਾਫੀ ਮਾਣ ਮਿਲਦਾ ਹੈ। ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਦੇ ਲਈ ਏਨੀਸ਼ਰਧਾ ਹੈ ਕਿ ਆਸਾਮ ਦੀ ਰਾਜਧਾਨੀ ਗੁਹਾਟੀ ਵਿਚ ਉਨ੍ਹਾਂ ਦੀ ਯਾਦ ਵਿਚ ਮੰਦਰ ਵੀ ਹੈ। ਹਜਾਰਿਕਾ ਨੇ ਅਸਾਮੀਆ ਦੇ ਨਾਲ ਹਿੰਦੀ, ਬਾਂਗਲਾ ਸਮੇਤ ਕਈ ਭਾਸ਼ਾਵਾਂ ਵਿਚ ਗਾਣੇ ਗਾਏ ਸਨ।

# ਧਾਰਾ 370 ਹਟਾਏ ਜਾਣ ਦੇ ਬਾਅਦ ਜੰਮੂ ਕਸ਼ਮੀਰ ਵਿਚ 30 ਵਾਰ ਪੱਥਰਬਾਜ਼ੀ ਹੋਣ ਦੀ ਖਬਰ

ਨਵੀਂ ਦਿੱਲੀ, 8 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿਚ ਇਸ ਵਕਤ ਕੀ ਕੁਝ ਹੋ ਰਿਹਾ ਹੈ, ਇਸ ਬਾਰੇ ਦੇਸ਼ ਦੇ ਮੁੱਖ ਧਾਰਾ ਦੇ ਮੀਡੀਆ ਵਿਚ ਕੁਝ ਵੀ ਪਤਾ ਨਹੀਂ ਚੱਲ ਰਿਹਾ ਤੇ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਰਾਜ ਵਿਚ ਸਭ ਕੁਝ ਕੰਟਰੋਲ ਵਿੱਚ ਹੈ, ਪਰ ਅੱਜ ਸੁਰੱਖਿਆ ਬਲਾਂ ਦੇ ਉੱਚ ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀਨਗਰ ਵਿਚ 5 ਅਤੇ 6 ਅਗਸਤ ਨੂੰ ਪੱਥਰਬਾਜ਼ੀ ਦੀਆਂ 30 ਘਟਨਾਵਾਂ ਵਾਪਰੀਆਂ ਸਨ।

ਮਿਲ ਰਹੀ ਜਾਣਕਾਰੀ ਅਨੁਸਾਰ ਧਾਰਾ 370 ਹਟਾਏ ਜਾਣ ਦੇ ਦਿਨ 5 ਅਗਸਤ ਨੂੰ ਪੱਥਰਬਾਜ਼ੀ ਕਰਨ ਦੀਆਂ 10 ਘਟਨਾਵਾਂ ਵਾਪਰੀਆਂ ਤੇ ਬਾਅਦ ਵਿੱਚ ਕੁੱਲ ਮਿਲਾ ਕੇ 30 ਘਟਨਾਵਾਂ ਹੋ ਗਈਆਂ, ਪਰ ਪੱਥਰਬਾਜ਼ੀ ਦੀਆਂ ਇਨ੍ਹਾਂ ਸਭ 30 ਘਟਨਾਵਾਂ ਵਿਚੋਂ ਕਿਸੇ ਵਿਚ ਵੀ 10-20 ਤੋਂ ਵੱਧ ਲੋਕ ਨਹੀਂ ਸਨ ਤੇ ਇਨ੍ਹਾਂ ਵਿਚ ਕੋਈ ਸੁਰੱਖਿਆ ਬਲਾਂ ਦਾ ਜਵਾਨ ਜਾਂ ਕੋਈ ਹੋਰ ਜ਼ਖਮੀ ਨਹੀਂ ਹੋਇਆ ਤੇ ਕਿਸੇ ਕਸ਼ਮੀਰੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਸ ਦਿਨ ਸਵੇਰੇ 8 ਵਜੇ ਤੋਂ2 ਵਜੇ ਦੁਪਹਿਰ ਤੱਕ ਸ੍ਰੀਨਗਰ ਵਿਚ ਸਬਜ਼ੀ ਮੰਡੀ ਤੇ ਮਲਿਕ ਸ਼ਾਹ ਗਲੀ ਵਿਚਾਲੇ ਪੱਥਰਬਾਜ਼ੀ ਦੀ ਪਹਿਲੀ ਘਟਨਾ ਵਾਪਰੀ ਅਤੇ ਸ਼ਾਮ 4 ਵਜੇ ਤੋਂ 8.30 ਵਜੇ ਦੇ ਵਿਚਾਲੇ ਸ੍ਰੀਨਗਰ ਦੇ ਸੋਮਯਾਰ ਮੰਦਰ ਨੇੜੇ ਪੱਥਰ ਮਾਰੇ ਗਏ ਸਨ। ਅੱਜ ਸੁਰੱਖਿਆ ਫੋਰਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਉਸ ਤੋਂ ਬਾਅਦ ਪੱਥਰਬਾਜ਼ੀ ਦੀਆਂ ਕਈ ਘਟਨਾਵਾਂ ਹੋਈਆਂ, ਪਰ ਇਹ ਸਭ ਘਟਨਾਵਾਂ ਬਹੁਤ ਛੋਟੀਆਂ ਸਨ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਦੀ ਭਾਰੀ ਗਿਣਤੀ ਕੇਂਦਰ ਦੇ ਅਗਲੇ ਹੁਕਮਾਂ ਤੱਕ ਏਥੇ ਰਹੇਗੀ ਤੇ ਕਸ਼ਮੀਰ ਘਾਟੀ ਵਿਚ 4 ਅਗਸਤ ਦੀ ਦੇਰ ਰਾਤ ਤੋਂ ਧਾਰਾ 144 ਲਾਗੂ ਹੈ। ਦੋਵੇਂ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਹਾਲੇ ਤੱਕ ਵੀ ਆਪੋ ਆਪਣੇਘਰਾਂ ਵਿੱਚ ਨਜ਼ਰਬੰਦ ਹਨ।

# ਅਰਬ ਦੇਸ਼ਾਂ ਨੇ ਪਾਕਿਸਤਾਨੀ ਡਾਕਟਰਾਂ ਨੂੰ ਦੇਸ਼ ਛੱਡਣ ਦਾ ਆਦੇਸ਼ ਜਾਰੀ ਕੀਤਾ



ਰਿਆਦ, 8 ਅਗਸਤ, (ਪੋਸਟ ਬਿਊਰੋ)- ਸਾਊਦੀ ਅਰਬ ਅਤੇ ਹੋਰ ਅਰਬ ਦੇਸ਼ਾਂ ਵਿਚ ਪ੍ਰੈਕਟਿਸ ਕਰਦੇ ਸਪੈਸ਼ਲਿਸਟ ਯੋਗਤਾ ਵਾਲੇ ਪਾਕਿਸਤਾਨੀ ਡਾਕਟਰਾਂ ਨੂੰ ਵੱਡਾ ਝਟਕਾ ਲੱਗਾ ਹੈ। ਮੱਧ ਪੂਰਬ ਦੇ ਕਈ ਦੇਸ਼ਾਂ, ਜਿਨ੍ਹਾਂ ਵਿੱਚ ਸਾਊਦੀ ਅਰਬ ਸ਼ਾਮਲ ਹੈ, ਨੇ ਪਾਕਿਸਤਾਨ ਦੀ ਐੱਮ ਐੱਸ ਅਤੇ ਐੱਮ ਡੀ ਵਰਗੀ ਮੈਡੀਕਲ ਡਿਗਰੀ ਅਯੋਗ (ਇਨ-ਵੈਲਿਡ) ਮੰਨੀ ਅਤੇ ਨੌਕਰੀ ਕਰਨ ਲਈ ਐਲਾਨ ਕਰਾਰ ਦੇ ਦਿੱਤੀ ਹੈ। ਇਨ੍ਹਾਂ ਸਾਰਿਆਂਦੇਸ਼ਾਂ ਨੇ ਸਪੈਸ਼ਲਿਸਟ ਭੁਗਤਾਨ ਦੀ ਯੋਗਤਾ ਸੂਚੀ ਤੋਂਪਾਕਿਸਤਾਨੀ ਡਿਗਰੀ ਵਾਲੇ ਡਾਕਟਰਾਂ ਨੂੰ ਹਟਾ ਕੇ ਵਾਪਸ ਚਲੇ ਜਾਣ ਨੂੰ ਕਹਿ ਦਿੱਤਾ ਹੈ। ਪਤਾ ਲੱਗਾ ਹੈ ਕਿ ਨਾਲ ਇਹ ਵੀ ਕਹਿ ਦਿੱਤਾ ਗਿਆ ਹੈ ਕਿ ਇਹ ਲੋਕ ਦੇਸ਼ ਛੱਡ ਜਾਣ, ਨਹੀਂ ਤਾਂ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਜਾਵੇਗਾ।

ਇਕ ਅੰਗਰੇਜ਼ੀ ਅਖਬਾਰ ਮੁਤਾਬਕ ਸਾਊਦੀ ਅਰਬ ਦੇ ਇਸ ਕਦਮ ਪਿੱਛੋਂ ਕਤਰ, ਸੰਯੁਕਤ ਅਰਬ ਅਮੀਰਾਤ (ਯੂ ਏ ਈ) ਅਤੇ ਬਹਿਰੀਨ ਨੇ ਵੀ ਇਹੋਕੀਤਾ ਹੈ। ਅਰਬ ਦੇਸ਼ਾਂ ਨੇ ਭਾਰਤ ਦੇ ਨਾਲ ਮਿਸਰ, ਸੂਡਾਨ ਅਤੇ ਬੰਗਲਾਦੇਸ਼ ਦੀਆਂ ਡਿਗਰੀਆਂ ਨੂੰ ਜਾਇਜ਼ ਮੰਨਿਆ ਤੇ ਇਨ੍ਹਾਂ ਦੀ ਡਿਗਰੀ ਵਾਲੇ ਡਾਕਟਰ ਇੱਥੇ ਮੈਡੀਕਲ ਪ੍ਰੈਕਟਿਸ ਜਾਰੀ ਰੱਖ ਸਕਦੇ ਹਨ।

ਪਾਕਿਸਤਾਨ ਦੇ ਐੱਮ ਐੱਸ ਅਤੇ ਐੱਮ ਡੀ ਡਾਕਟਰਾਂ ਨੂੰ ਅਯੋਗ ਐਲਾਨ ਕਰਦੇ ਹੋਏ ਸਾਊਦੀ ਅਰਬ ਸਰਕਾਰ ਦੇ ਸਿਹਤ ਮੰਤਰਾਲੇ ਨੇ ਦਾਅਵਾ ਕੀਤਾ ਕਿ ਇਨ੍ਹਾਂ ਦੀਉਸ ਰਚਨਾਤਮਕ ਸਿਖਲਾਈ ਪ੍ਰੋਗਰਾਮ ਦੀ ਕਮੀ ਹੈ,ਜਿਹੜੀ ਮਹੱਤਵ ਪੂਰਨ ਅਹੁਦਿਆਂ ਦੇ ਡਾਕਟਰਾਂ ਲਈ ਲਾਜ਼ਮੀ ਹੈ। ਸਾਲ 2016 ਵਿਚ ਸਾਊਦੀ ਅਰਬ ਸਿਹਤ ਮੰਤਰਾਲੇ ਦੀ ਇਕ ਟੀਮ ਨੇ ਬਹੁਤ ਸਾਰੇ ਡਾਕਟਰਾਂ ਨੂੰ ਕੰਮ ਉੱਤੇ ਰੱਖਿਆ ਸੀ, ਜਦੋਂ ਉਨ੍ਹਾਂ ਨੇ ਆਨਲਾਈਨ ਐਪਲੀਕੇਸ਼ਨ ਸੱਦਾ ਦੇਣ ਪਿੱਛੋਂ ਕਰਾਚੀ, ਲਾਹੌਰ ਅਤੇ ਇਸਲਾਮਾਬਾਦ ਵਿਚ ਆਪ ਜਾ ਕੇ ਇੰਟਰਵਿਊ ਪ੍ਰੋਗਰਾਮ ਕੀਤੇ ਸਨ। ਅਖਬਾਰਮੁਤਾਬਕ ਕਈ ਡਾਕਟਰਾਂ ਨੂੰ ਬਰਖਾਸਤਗੀ ਪੱਤਰ ਮਿਲ ਗਏ ਹਨ, ਜਿਹੜੇ ਸਾਊਦੀ ਅਰਬ ਦੇ ਕਮਿਸ਼ਨ ਫਾਰ ਹੈਲਥ ਸਪੈਸ਼ਲਿਟੀਜ਼ (ਐੱਸ ਸੀ ਐੱਫ ਐੱਚ ਐੱਸ) ਨੇ ਜਾਰੀ ਕੀਤੇ ਹਨ। ਓਧਰ ਐਸੋਸੀਏਸ਼ਨ ਆਫ ਯੂਨੀਵਰਸਿਟੀ ਫਿਜੀਸ਼ੀਅਨਜ਼ ਐਂਡ ਸਰਜਨਜ਼ ਪਾਕਿ-ਸਤਾਨ ਦੇ ਬੁਲਾਰੇ ਡਾਕਟਰ ਅਸਦ ਨੂਰ ਮਿਰਜਾ ਨੇ ਅਰਬ ਦੇਸ਼ਾਂ ਦੇ ਇਸ ਫੈਸਲੇ ਨੂੰ ਪਾਕਿਸਤਾਨੀ ਡਾਕਟਰਾਂ ਲਈ ਸਦਮਾ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਹੀ ਸਥਿਤੀ ਦੀ ਜਾਣਕਾਰੀ ਦੇਣ ਲਈ ਪਾਕਿ-ਸਤਾਨ ਸਰਕਾਰ ਨੂੰ ਜਲਦੀ ਹੀ ਇਨ੍ਹਾਂ ਦੇਸ਼ਾਂ ਵਿਚ ਆਪਣਾ ਵਫਦ ਭੇਜਣਾ ਚਾਹੀਦਾ ਹੈ।







Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

MISSISSAUGA $975
Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000
23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000
1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000
17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900
7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000
23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000
5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000
693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000
32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਸਰਾਭਾ ਆਸ਼ਰਮ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਅਵਾਰਡ ਨਾਲ ਸਨਮਾਨਤ



ਡਾ. ਮਾਂਗਟ ਅਤੇ ਪਤਨੀ ਪਰਮਜੀਤ ਕੌਰ (ਵਿਚਕਾਰ), ਐਮ.ਪੀ. ਦਰਸ਼ਨ ਸਿੰਘ ਕੰਗ, ਐਮ.ਐਲ.ਏ. ਦਵਿੰਦਰ ਸਿੰਘ ਤੂਰ, ਬ੍ਰਹਮ ਪ੍ਰਕਾਸ਼ ਸਿੰਘ ਲੁੱਡੂ, ਸੰਤ ਸਿੰਘ ਧਾਲੀਵਾਲ, ਡੈਨ ਸਿੱਧੂ ਅਤੇ ਹੋਰ ਨਾਮਵਰ ਸ਼ਖ਼ਸੀਅਤਾਂ।

ਕੈਲਗਰੀ ਵਿੱਚ ਅਜਾਦੀ ਦੇ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਗਏ 3 ਦਿਨਾਂ ਮੇਲੇ ਦੇ ਆਖਰੀ ਦਿਨ 4 ਅਗਸਤ, 2019 ਨੂੰ ਹਜ਼ਾਰਾਂ ਦਰਸ਼ਕਾਂ ਦੀ ਮੌਜੂਦਗੀ ਵਿੱਚ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਸ਼ਹੀਦ ਮੇਵਾ ਸਿੰਘ ਲੋਪੋਕੇ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਡਾ. ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 14 ਸਾਲਾਂ ਤੋਂ ਲਾਵਾਰਸਾਂ-ਅਪਾਹਜਾਂ ਦੀ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ।

ਸੁਤੰਤਰਤਾ ਸੰਗਰਾਮੀਆਂ ਦੀ ਯਾਦ ਵਿੱਚ ਇਹ ਮੇਲਾ ਕੈਲਗਰੀ ਤੋਂ ਛਪਦੇ ਪੰਜਾਬੀ ਦੇ ਅਖ਼ਬਾਰ ਚੀਫ਼; ਐਡੀਟਰ ਬ੍ਰਹਮ ਪ੍ਰਕਾਸ਼ ਸਿੰਘ ਲੁੱਡੂ ਅਤੇ ਸਹਿਯੋਗੀਆਂ ਵੱਲੋਂ ਹਰ ਸਾਲ ਕਰਵ-ਾਇਆ ਜਾਂਦਾ ਹੈ। ਇਸ ਸਾਲ ਉੱਨੀਵੇਂ ਮੇਲੇ ਤੇ ਦਰਸ਼ਕਾਂ ਨੇ ਭਾਰਤ ਤੋਂ ਆਏ ਕਲਾਕਾਰਾਂ ਹਰਜੀਤ ਹਰਮਨ, ਜੀਤ ਪੈਂਚਰਾਂ ਵਾਲਾ, ਦੀਪ ਢਿੱਲੋਂ, ਭੁਪਿੰਦਰ ਗਿੱਲ, ਬਲਜਿੰਦਰ ਰਿੰਪੀ ਦੇ ਗੀਤਾਂ ਅਤੇ ਸਕਿੱਟਾਂ ਦਾ ਅਨੰਦ ਮਾਣਿਆ । ਇਸ ਮੇਲੇ ਦੌਰਾਨ 2 ਅਗਸਤ ਨੂੰ ਕਵੀ ਦਰਬਾਰ ਅਤੇ 3 ਅਗਸਤ ਨੂੰ ਮੇਲਾ ਮਾਵਾਂ-ਧੀਆਂ ਦਾ ਵੀ ਅਯੋਜਤ ਕੀਤਾ ਗਿਆ। ਇਸ ਮੇਲੇ ਤੇ ਕੈਲਗਰੀ ਦੀਆਂ ਦੋ ਹੋਰ ਨਾਮਵਰ ਸਖਸ਼ੀਅਤਾਂ ਨੂੰ ਵੀ ਲੋਕ ਸੇਵਾ ਲਈ ਪਾਏ ਯੋਗਦਾਨ ਵਜੋਂ ਸਨਮਾਨਤ ਕੀਤਾ ਗਿਆ। ਬੀਬੀ ਗੁਰਦੀਸ਼ ਕੌਰ ਗਰੇਵਾਲ ਨੂੰ ਪੰਜਾਬੀ ਕਵਿਤਾ ਵਿੱਚ ਪਾਏ ਯੋਗਦਾਨ ਲਈ ਭਾਈ ਵੀਰ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਗਿਆ । ਸਰ ਸੁਖਵਿੰਦਰ ਸਿੰਘ ਬਰਾੜ ਨੂੰ ਕੈਨੇਡਾ ਅਤੇ ਪੰਜਾਬ ਵਿੱਚ ਲੋਕਾਂ ਨੂੰ ਹੈਲਦੀ ਲਾਈਫ਼ ਸਟਾਈਲ (ਤੰਦਰੁਸਤ ਜੀਵਨ) ਵਾਰੇ ਜਾਗਰੁਕ ਕਰਨ ਲਈ ਐਮ.ਐਲ.ਏ. ਹੈਰੀ ਸੋਹਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ ।

ਐਵਾਰਡ ਦੇਣ ਮੌਕੇ ਕੈਲਗਰੀ ਦੇ ਐਮ.ਪੀ. ਦਰਸ਼ਨ ਸਿੰਘ ਕੰਗ, ਅਲਬਰਟਾ ਸਟੇਟ ਦੀ ਮੰਤਰੀ ਰਾਜ ਸਾਹਨੀ, ਕੈਲਗਰੀ ਦੇ ਐਮ.ਐਲ.ਏ. ਦਵਿੰਦਰ ਸਿੰਘ ਤੂਰ, ਚੀਫ਼ਓਮਪ; ਐਡੀਟਰ ਬ੍ਰਹਮ ਪ੍ਰਕਾਸ਼ ਸਿੰਘ ਲੁੱਡੂ, ਸੰਤ ਸਿੰਘ ਧਾਲੀਵਾਲ, ਬਲਜੀਤ ਸਿੰਘ ਭਰੋਵਾਲ, ਬਲਬੀਰ ਸਿੰਘ ਕੈਥ, ਅਵਿਨਾਸ਼ ਖੰਗੂੜਾ, ਪ੍ਰੋਫ਼ਓਮਪ;ਸਰ ਮਨਜੀਤ ਸਿੰਘ, ਡੈਨ ਸਿੱਧੂ, ਪੀ.ਜੇ. ਰੰਧਾਵਾ, ਭੋਲਾ ਚੌਹਾਨ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ । ਸ. ਡੈਨ ਸਿੱਧੂ ਨੇ ਸਟੇਜ ਤੋਂ ਬੋਲਦਿਆਂ ਦੱਸਿਆ ਕਿ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਵਿੱਚ ਲੋੜਵੰਦਾਂ ਦੀ ਹੋ ਰਹੀ ਸੇਵਾ ਮੈਂ ਆਪਣੇ ਅੱਖੀਂ ਦੇਖ ਕੇ ਆਇਆ ਹਾਂ । ਡੈਨ ਸਿੱਧੂ ਨੇ ਦੱਸਿਆ ਕਿ ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ਓਮਪ; ਵਿੰਡਸਰ ਅਤੇ ਮੌਰੀਸਨ ਸਾਇੰਟਿਫਿਕ ਕੰਪਨੀ ਕੈਲਗਰੀ ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਅਜਿਹੇ ਬੇਘਰ, ਲਾਵਾਰਸਾਂ, ਅਪਾਹਜਾਂ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ । ਫਿਰ ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਤਿੰਨ ਮੰਜ਼ਲਾ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ।

ਇਸ ਆਸ਼ਰਮ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਤਕਰੀਬਨ 125 (ਸਵਾ ਸੌ) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਅਧਰੰਗ ਦੀ ਬਿਮਾਰੀ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ। ਇਹਨਾਂ ਵਿੱਚੋਂ 30-32 ਅਜਿਹੇ ਹਨ ਜਿਹੜੇ ਪੂਰੀ ਹੋਸ਼-ਹਵਾਸ਼ ਨਾ ਹੋਣ ਕਾਰਨ ਆਪਣੇ ਵਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ । ਇਹ ਲੋੜਵੰਦ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ । ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਓਮਪ;ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ । ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਓਮਪ;ਤ ਮਿਲਦੀ ਹੈ । ਕਿਸੇ ਵੀ ਲੋੜਵੰਦ ਕੋਲੋਂ ਕੋਈ ਵੀ ਫ਼ਓਮਪ;ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਇੱਥੋਂ ਦਾ ਸਾਰਾ ਪ੍ਰਬੰਧ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚਲਦਾ ਹੈ । ਆਸ਼ਰਮ ਵਾਰੇ ਡਾ. ਮਾਂਗਟ ਨਾਲ ਮੋਬਾਇਲ (ਇੰਡੀਆ) 95018-42505 ਤੇ ਜਾਂ ਕੈਨੇਡਾ ਵਿੱਚ (ਸੈੱਲ): 403-401-8787 ਤੇ ਸੰਪਰਕ ਕੀਤਾ ਜਾ ਸਕਦਾ ਹੈ।



Asia Humber wood senior club Etobicoke. ਪਿਛਲੇ ਹਫਤੇ ਡਾਕਟਰ ਕ੍ਰਿਸਟੀ ਡੂੰਕਨ ਮੈਂਬਰ ਪਾਰਲੀਮੈਂਟ ਐਟੋਬੀਕੋਕ ਨੋਰਥ ਤੋਂ ਆਪਂਣੇ ਇਲਾਕੇ ਦੇ ਸੀਨੀਅਰ ਕਲੱਬ ਮੈਂਬਰਾਂ ਨੂੰ ਮਿਲਣ ਆਏ । ਕਲੱਬ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ । ਮੈਡਮ ਡੰਕਨ ਨੇ ਆਉਣ ਵਾਲੀਆਂ ਚੋਣਾਂ 'ਤੇ ਚਾਨਣਾ ਪਾਇਆ, ਜੋ ਅਕਤੂਬਰ ਦੀ 21 ਤਰੀਖ ਨੂੰ ਹੋ ਰਹੀਆਂ ਹਨ। ਉਨ੍ਹਾਂ ਸਾਰਿਆਂ ਨੂੰ ਵੋਟ ਪਾਉਂਣ ਦੀ ਬੇਨਤੀ ਕੀਤੀ। ਇਸ ਤੋਂ ਬਾਅਦ ਸਾਰਿਆਂ ਦਾ ਧੰਨਵਾਦ ਕੀਤਾ ਤੇ ਇਕੱਲੇ ਇਕੱਲੇ ਨੂੰ ਮਿਲੇ। ਤਸਵੀਰ 'ਚ ਵਿਚਕਾਰ ਕ੍ਰਿਸਟੀ ਡੂੰਕਨ ਖੜ੍ਹੇ ਹਨ ਉਨ੍ਹਾਂ ਦੇ ਨਾਲ ਪ੍ਰਧਾਨ ਸੁਲੱਖਣ ਸਿੰਘ ਅਟਵਾਲ ਖੱਬੇ ਅਮਰੀਕ ਸਿੰਘ ਵਾਈਸ ਪ੍ਰਧਾਨ ਕੇਵਲ ਸਿੰਘ ਢਿੱਲੋਂ, ਖਜਾਨਚੀ.ਬਲੌਰ ਸਿੰਘ ਬਰਾੜ ਤੇ ਗਿਆਨ ਚੰਦ ਖੜ੍ਹੇ ਹਨ। ਸੱਜੇ ਸਿੱਧੂ ਸਹਿਬ ਤੇ ਸੁਰਿੰਦਰ ਸਿੰਘ ਖੜ੍ਹੇ ਹਨ।

# ਕਾਲਡਰਸਟੋਨ ਸੀਨੀਅਰਜ਼ ਕਲੱਬ ਵੱਲੋਂ 11 ਅਗਸਤ ਨੂੰ ਮਨਾਏ ਜਾਣਗੇ ਕੈਨੇਡਾ ਡੇਅ ਦੇ ਜਸ਼ਨ

ਬਰੈਂਪਟਨ, 8 ਅਗਸਤ (ਪੋਸਟ ਬਿਊਰੋ) : ਐਤਵਾਰ 11 ਅਗਸਤ, 2019 ਨੂੰ ਕੌਬਲਹਿੱਲ ਪਾਰਕ, ਜੋ ਕਿ ਕਾਲਡਰਸਟੋਨ ਰੋਡ ਤੇ ਕੌਬਲਹਿੱਲ ਕ੍ਰੀਸੈਂਟ ਦੇ ਲਾਂਘੇ ਉੱਤੇ ਸਥਿਤ ਹੈ) ਵਿਖੇ 152ਵਾਂ ਕੈਨੇਡਾ ਡੇਅ ਤੇ ਬਜ਼ੁਰਗਾਂ ਲਈ ਸੋਸ਼ਲ ਅਵੇਅਰਨੈੱਸ ਪ੍ਰੋਗਰਾਮ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਉਦਘਾਟਨੀ ਸਮਾਰੋਹ ਦੁਪਹਿਰੇ 1:00 ਵਜੇ ਹੋਵੇਗਾ। ਇਸ ਦੌਰਾਨ ਹਰ ਉਮਰ ਵਰਗ ਦੇ ਲੋਕ ਹਿੱਸਾ ਲੈ ਸਕਦੇ ਹਨ। ਇਸ ਮੌਕੇ 55 ਸਾਲ ਤੋਂ ਘੱਟ ਤੇ 55 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਲਈ ਮਿਊਜ਼ੀਕਲ ਚੇਅਰ ਰੇਸ ਕਰਵਾਈ ਜਾਵੇਗੀ। ਸਪੂਨ ਰੇਸ ਵਿੱਚ ਵੀ ਕਿਸੇ ਵੀ ਉਮਰ ਵਰਗ ਦੀਆਂ ਮਹਿਲਾਵਾਂ ਹਿੱਸਾ ਲੈ ਸਕਣਗੀਆਂ। ਇਸ ਦੌਰਾਨ 55 ਸਾਲ ਤੋਂ ਵੱਧ ਉਮਰ ਦੇ ਪੁਰਸ਼ਾਂ ਦੀ ਵੀ ਮਿਊਜ਼ੀਕਲ ਚੇਅਰ ਰੇਸ ਕਰਵਾਈ ਜਾਵੇਗੀ। 70 ਸਾਲ ਤੋਂ ਵੱਧ ਉਮਰ ਵਰਗ ਦੇ ਪੁਰਸ਼ਾਂ ਲਈ 400 ਮੀਟਰ ਵਾਕ ਮੁਕਾਬਲਾ ਵੀ ਰੱਖਿਆ ਗਿਆ ਹੈ। ਇਸ ਤੋਂ ਇਲਾਵਾ 6 ਤੋਂ 8 ਸਾਲ ਦੇ ਲੜਕੇ-ਲੜਕੀਆਂ ਲਈ 50 ਮੀਟਰ ਦੌੜ, 8 ਤੋਂ 10 ਸਾਲ ਦੇ ਲੜਕੇ-ਲੜਕੀਆਂ ਲਈ 60 ਮੀਟਰ ਦੌੜ, 10 ਤੋਂ 12 ਸਾਲ ਦੇ ਲੜਕਿਆਂ ਲਈ 60 ਮੀਟਰ ਦੌੜ, 10 ਤੋਂ 12 ਸਾਲ ਦੀਆਂ ਲੜਕੀਆਂ ਲਈ 60 ਮੀਟਰ ਦੌੜ ਮੁਕਾਬਲੇ ਰੱਖੇ ਗਏ ਹਨ। ਇਸ ਦੇ ਨਾਲ ਹੀ ਬੱਚਿਆਂ ਲਈ ਵੀ ਮਿਊਜ਼ੀਕਲ ਚੇਅਰ ਮੁਕਾਬਲੇ ਕਰਵਾਏ ਜਾਣਗੇ। ਉਮਰ ਦੀ ਸ਼ਨਾਖ਼ਤ ਸਬੰਧੀ ਸਬੂਤ ਦੇਣਾ ਹੋਵੇਗਾ। ਇਸ ਦੌਰਾਨ ਮੁਫਤ ਸਨੈਕਸ ਜਿਵੇਂ ਕਿ ਆਈਸਕ੍ਰੀਮ ਤੇ ਰੂਹਆਫਜ਼ਾ ਆਦਿ ਵੀ ਸਰਵ ਕੀਤਾ ਜਾਵੇਗਾ। ਇਸ ਸਬੰਧ ਵਿੱਚ ਵਧੇਰੇ ਜਾਣਕਾਰੀ ਲਈ ਹੇਠ ਲਿਖੇ ਵਿਅਕਤੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ :

- ਡਾ. ਸੋਹਨ ਸਿੰਘ (ਪ੍ਰੈਜ਼ੀਡੈਂਟ)-416-371-1315
- ਗੋਬਿੰਦਰ ਸਿੰਘ ਰਾਏ (ਸੀਨੀਅਰ ਵਾਈਸ ਪ੍ਰੈਜ਼ੀਡੈਂਟ)-416-726-0837
- ਤੇਜਾ ਸਿੰਘ ਪੰਨੂ (ਵਾਈਸ ਪ੍ਰੈਜ਼ੀਡੈਂਟ)-437-226-0645
- ਸ੍ਰੀਮਤੀ ਸਤਨਾਮ ਕੌਰ -416-371-1315
- ਸ੍ਰੀਮਤੀ ਬਲਬੀਰ ਕੌਰ ਦੁਸਾਂਝ -416-616-4555
- ਸ੍ਰੀਮਤੀ ਪ੍ਰੇਮ ਪੁਰੀ/ਗੁਰਦੇਵ ਪੁਰੀ-647-624-1947




# ਹੋਰ ਪੜ੍ਹਨ ਦੀ ਇੱਛਾ ਉੱਤੇ ਪੰਚਾਇਤ ਨੇ ਦੋ ਲੱਖ ਰੁਪਏ ਜੁਰਮਾਨਾ ਲਾਇਆ

ਜੈਪੁਰ, 8 ਅਗਸਤ (ਪੋਸਟ ਬਿਊਰੋ)- ਰਾਜਸਥਾਨ ਦੇ ਰਾਜਸਮੰਦ ਜ਼ਿਲ੍ਹੇ 'ਚ ਬਾਲ ਵਿਆਹ ਦੇ ਬਾਅਦ ਇਕ ਵਿਆਹੁਤਾ ਨੂੰ ਉਸ ਦੇ ਸਹੁਰੇ ਵਾਲਿਆਂ ਨੇ ਸਿਰਫ ਇਸ ਲਈ ਘਰੋਂ ਕੱਢ ਦਿੱਤਾ ਕਿ ਉਹ ਪੜ੍ਹ ਲਿਖ ਕੇ ਆਪਣਾ ਕਰੀਅਰ ਬਣਾਉਣਾ ਚਾਹੁੰਦੀ ਸੀ। ਏਹੀ ਨਹੀਂ ਉਸ ਦੀ ਪੜ੍ਹਨ ਦੀ ਇੱਛਾ ਸਮਾਜ ਦੀ ਪੰਚਾਇਤ ਨੂੰ ਏਨੀ ਨਾਗਵਾਰ ਗੁਜ਼ਰੀ ਕਿ ਉਸ ਦੇ ਸਹੁਰੇ ਅਤੇ ਪੇਕੇ ਵਾਲਿਆਂ ਦਾ ਸਮਾਜ ਤੋਂ ਬਾਈਕਾਟ ਕਰ ਦਿੱਤਾ ਗਿਆ। ਪੀੜਤਾ ਤੇ ਸਹੁਰੇ ਪਰਵਾਰ ਨੂੰ ਫਿਰ ਸਮਾਜ 'ਚ ਲੈਣ ਲਈ ਦੋ ਲੱਖ ਰੁਪਏ ਦਾ ਜੁਰਮਾਨਾ ਲਾ ਦਿੱਤਾ ਗਿਆ ਹੈ।

ਪਤਾ ਲੱਗਾ ਹੈ ਕਿ ਰਾਜਸਮੰਦ ਦੇ ਰੇਲਮਗਰਾ ਡਵੀਜ਼ਨ ਦੀ ਸੁਖੀ ਅਹੀਰ ਦਾ ਵਿਆਹ ਕਰੀਬ 10 ਸਾਲ ਦੀ ਉਮਰ ਵਿੱਚ 2005 ਵਿੱਚ ਹੋ ਗਿਆ ਸੀ। ਉਹ ਦਿਲ ਵਿੱਚ ਪੜ੍ਹਾਈ ਦਾ ਅਰਮਾਨ ਦਬਾ ਕੇ ਸਹੁਰੇ ਜਾ ਪਹੁੰਚੀ, ਪਰ ਅੱਗੇ ਪੜ੍ਹਨਾ ਚਾਹੁੰਦੀ ਹੈ, ਇਸ ਲਈ ਉਸ ਨੇ ਗ੍ਰੈਜੁਏਸ਼ਨ ਕਰਨ ਤੋਂ ਬਾਅਦ ਸਮਾਜ ਸ਼ਾਸਤਰ 'ਚ ਪੋਸਟ ਗ੍ਰੈਜੁਏਸ਼ਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਸਹੁਰੇ ਵਾਲਿਆਂ ਨੇ ਪੜ੍ਹਾਈ ਬੰਦ ਕਰਨ ਦਾ ਇਹ ਕਹਿ ਕੇ ਦਬਾਅ ਬਣਾਇਆ ਕਿ ਚੁਲ੍ਹਾ ਚੌਕੇ ਦਾ ਕੰਮ ਕਰੋ। ਸਹੁਰੇ ਵਾਲਿਆਂ ਨਾਲ ਸਮਾਜ ਦੇ ਪੰਚਾਂ ਨੇ ਕਿਹਾ ਕਿ ਤੇਰਾ ਪਤੀ ਦਸਵੀਂ ਕਲਾਸ ਤੋਂ ਅੱਗੇ ਨਹੀਂ ਪੜ੍ਹਿਆ ਹੈ ਤਾਂ ਤੂੰ ਪੜ੍ਹ ਕੇ ਕੀ ਕਰੇਂਗੀ। ਸੁਖੀ ਨੇ ਅੱਗੇ ਪੜ੍ਹਨ ਦੀ ਜ਼ਿੱਦ ਕੀਤੀ ਤਾਂ ਸਹੁਰੇ ਵਾਲਿਆਂ ਨੇ ਪਰੇਸ਼ਾਨ ਕਰਕੇ ਘਰੋਂ ਕੱਢ ਦਿੱਤਾ। ਸੁਖੀ ਦੇ ਪੜ੍ਹਨ ਦੀ ਜ਼ਿਦ ਕਾਰਨ ਉਸ ਦੇ ਪੇਕੇ ਵਾਲਿਆਂ ਨੇ ਸਹਿਮਤੀ ਦੇ ਦਿੱਤੀ। ਉਹ ਪੜ੍ਹਾਈ 'ਚ ਰੁਕਾਵਟ ਕਰਨ ਵਾਲੇ ਸਹੁਰੇ ਤੇ ਪਤੀ ਨਾਲ ਨਹੀਂ ਰਹਿਣਾ ਚਾਹੁੰਦੀ, ਇਸ ਲਈ ਉਸ ਨੇ ਤਲਾਕ ਦੀ ਮੰਗ ਕੀਤੀ। ਕੇਸ ਪੁਲਸ ਤੇ ਕੋਰਟ 'ਚ ਚਲਾ ਗਿਆ। ਇਸ ਉਤੇ ਉਸ ਦੇ ਸਹੁਰੇ ਵਾਲਿਆਂ ਨੇ ਇਸ ਦੇ ਫੈਸਲੇ ਲਈ ਸਮਾਜ ਦੇ ਪੰਚਾਂ ਦੇ ਦਖਲ ਦੀ ਮੰਗ ਕੀਤੀ। ਵਿਆਹੁਤਾ ਦੇ ਪਿਤਾ ਗੋਪੀਲਾਲ ਗੰਭੀਰ ਬਿਮਾਰ ਹੋ ਗਏ। ਉਨ੍ਹਾਂ ਨੂੰ ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ 'ਚ ਦਾਖਲ ਕਰਾਇਆ ਗਿਆ, ਜਿਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪਿੱਛੋਂ ਪੰਚਾਇਤ ਨੇ ਇਹ ਫੈਸਲਾ ਠੋਸ ਦਿੱਤਾ ਹੈ।

# ਫੋਰਬਜ਼ ਦੀ ਸੂਚੀ ਵਿੱਚ ਸ਼ਟਲਰ ਸਿੰਧੂ ਸਭ ਤੋਂ ਵੱਧ ਕਮਾਈ ਵਾਲੀ ਇਕਲੌਤੀ ਭਾਰਤੀ ਮਹਿਲਾ

ਨਿਊ ਯਾਰਕ, 8 ਅਗਸਤ (ਪੋਸਟ ਬਿਊਰੋ)- ਭਾਰਤ ਦੀ ਬੈਡਮਿੰਟਨ ਸਟਾਰ ਪੀ ਵੀ ਸਿੰਧੂ ਫੋਰਬਜ਼ ਵੱਲੋਂ ਜਾਰੀ ਕੀਤੀ ਗਈ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਮਹਿਲਾ ਖਿਡਾਰੀਆਂ ਦੀ ਸੂਚੀ ਵਿੱਚ ਇਕਲੌਤੀ ਭਾਰਤੀ ਹੈ। ਇਸ ਸੂਚੀ ਵਿੱਚ ਅਮਰੀਕੀ ਟੈਨਿਸ ਸਟਾਰ ਸੇਰੇਨਾ ਵਿਲੀਅਮਜ਼ ਚੋਟੀ ਉਤੇ ਹੈ।

ਪਤਾ ਲੱਗਾ ਹੈ ਕਿ ਪੀ ਵੀ ਸਿੰਧੂ 5.5 ਮਿਲੀਅਨ ਡਾਲਰ ਦੀ ਕੁੱਲ ਕਮਾਈ ਦੇ ਨਾਲ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਮਹਿਲਾ ਖਿਡਾਰੀਆਂ ਦੀ 2019 ਦੀ ਸੂਚੀ ਵਿੱਚ ਸਾਂਝੇ ਰੂਪ ਤੋਂ 13ਵੇਂ ਸਥਾਨ ਉਤੇ ਹੈ। ਫੋਰਬਜ਼ ਮੁਤਾਬਕ ਸਿੰਧੂ ਭਾਰਤ ਦੀ ਕਮਾਈ ਵਾਲੀ ਨੰਬਰ ਇੱਕ ਖਿਡਾਰੀ ਬਣੀ ਹੋਈ ਹੈ। ਸਾਲ 2018 ਵਿੱਚ ਉਹ ਬੀ ਡਬਲਯੂ ਐੱਫ ਵਿਸ਼ਵ ਟੂਰ ਫਾਈਨਲਜ਼ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ ਸੀ। ਸੇਰੇਨਾ 29.2 ਮਿਲੀਅਨ ਦੀ ਕਮਾਈ ਨਾਲ 15 ਖਿਡਾਰੀਆਂ ਦੀ ਸੂਚੀ ਵਿੱਚ ਸਭ ਤੋਂ ਅੱਗੇ ਹੈ। ਫੋਰਬਜ਼ ਨੇ ਕਿਹਾ ਕਿ 37 ਸਾਲਾ ਵਿਲੀਅਮਜ਼ ਨੇ ਘੱਟੋ ਘੱਟ ਅਗਲੇ ਸਾਲ ਤੱਕ ਖੇਡਣ ਦੀ ਯੋਜਨਾ ਬਣਾਈ ਹੋਈ ਹੈ, ਪ੍ਰੰਤੂ ਉਹ ਪਹਿਲਾਂ ਐੱਸ ਬਾਇ ਸੇਰੇਨਾ ਦੇ ਨਾਂਅ ਤੋਂ ਕੱਪੜਿਆਂ ਦੇ ਬਾਜ਼ਾਰ ਵਿੱਚ ਉਤਰ ਚੁੱਕੀ ਹੈ ਅਤੇ 2020 ਤੱਕ ਉਹ ਜਿਊਲਰੀ ਅਤੇ ਸੁੰਦਰਤਾ ਉਤਪਾਦਾਂ ਨੂੰ ਵੀ ਲਾਂਚ ਕਰੇਗੀ। ਇਸ ਲਿਸਟ ਵਿੱਚ ਜਾਪਾਨ ਦੀ ਟੈਨਿਸ ਸਟਾਰ ਨਾਓਮੀ ਓਸਾਕਾ ਦੂਸਰੇ ਸਥਾਨ ਉੱਤੇ ਹੈ, ਜਿਨ੍ਹਾਂ ਨੇ ਸੇਰੇਨਾ ਨੂੰ ਹਰਾ ਕੇ 2018 ਦੇ ਯੂ ਐਸ ਓਪਨ ਦਾ ਖਿਤਾਬ ਆਪਣੇ ਨਾਂਅ ਕੀਤਾ ਸੀ। ਓਸਾਕਾ ਦੀ ਕਮਾਈ 24.3 ਮਿਲੀਅਨ ਡਾਲਰ ਹੈ। ਫੋਰਬਸ ਨੇ ਕਿਹਾ ਕਿ ਖਿਡਾਰੀਆਂ ਦੀ ਜੂਨ 2018 ਤੋਂ 2019 ਤੱਕ ਦੀ ਕਮਾਈ ਵਿੱਚ ਉਨ੍ਹਾਂ ਦੀ ਇਨਾਮੀ ਰਾਸ਼ੀ, ਸੈਲਰੀ, ਇਸ਼ਤਿਹਾਰ ਅਤੇ ਹਾਜ਼ਰੀ ਟੈਕਸ ਸ਼ਾਮਲ ਹਨ। ਇਸ ਸੂਚੀ ਵਿੱਚ ਉਨ੍ਹਾਂ ਮਹਿਲਾ ਖਿਡਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਦੀ ਕਮਾਈ ਘੱਟ ਤੋਂ ਘੱਟ ਪੰਜ ਮਿਲੀਅਨ ਡਾਲਰ ਹੈ। ਜੇ ਇੰਨੀ ਕਮਾਈ ਦੇ ਪੱਖੋਂ ਪੁਰਸ਼ ਖਿਡਾਰੀਆਂ 'ਤੇ ਨਜ਼ਰ ਮਾਰੀਏ ਤਾਂ ਪੰਜ ਮਿਲੀਅਨ ਡਾਲਰ ਦੀ ਕਮਾਈ ਕਰਨ ਦੇ ਅੰਕੜੇ ਤੱਕ ਇਸ ਸਾਲ 1300 ਤੋਂ ਵੱਧ ਪੁਰਸ਼ ਖਿਡਾਰੀ ਪਹੁੰਚ ਜਾਣਗੇ। ਸਭ ਤੋਂ ਵੱਧ ਕਮਾਈ ਲਈ ਚੋਟੀ ਦੀਆਂ 15 ਮਹਿਲਾ ਖਿਡਾਰਨਾਂ ਵਿੱਚੋਂ ਪਿਛਲੇ ਸਾਲ ਦੇ 130 ਮਿਲੀਅਨ ਡਾਲਰ ਦੇ ਮੁਕਾਬਲੇ ਇਹ ਅੰਕੜਾ ਇਸ ਸਾਲ 146 ਮਿਲੀਅਨ ਡਾਲਰ ਹੋ ਗਿਆ ਹੈ। ਮਹਿਲਾ ਖਿਡਾਰੀਆਂ ਵਿੱਚ ਸਭ ਤੋਂ ਵੱਧ ਕਮਾਈ ਵਾਲੇ ਖਿਡਾਰੀਆਂ ਵਿੱਚ ਸੇਰੇਨਾ ਅਤੇ ਓਸਾਕਾ ਦੀ ਕੁੱਲ ਕਮਾਈ ਤੀਸਰੇ ਸਥਾਨ 'ਤੇ ਕਾਬਿਜ਼ ਐਂਜਲਿਕ ਕਰਬਰ ਤੋਂ ਦੁੱਗਣੀ ਤੋਂ ਵੱਧ ਹੈ। ਟੈਨਿਸ ਸਟਾਰ ਕਰਬਰ ਨੇ 11.8 ਮਿਲੀਅਨ ਡਾਲਰ ਕਮਾਈ ਕੀਤੀ।










# ਅਮਰੀਕਾ ਲਈ ਕੈਨੇਡਾ ਦੇ ਸਫੀਰ ਡੇਵਿਡ ਮੈਕਨਾਟਨ ਦੇਣਗੇ ਅਸਤੀਫਾ

...ਪੰਨਾ 1 ਦਾ ਬਾਕੀ

ਟਰੂਡੋ ਨੇ ਆਖਿਆ ਕਿ ਮੈਕਨਾਟਨ ਬਹੁਤ ਹੀ ਭਰੋਸੇਮੰਦ ਸਲਾਹਕਾਰ, ਦੋਸਤ ਤੇ ਕਾਊਂਸਲਰ ਰਹੇ ਹਨ। ਪ੍ਰਧਾਨ ਮੰਤਰੀ ਨੇ ਮੈਕਨਾਟਨ ਵੱਲੋਂ ਕੀਤੇ ਗਏ ਅਣਥੱਕ ਕੰਮ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਸੂਤਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਜੇ ਲਿਬਰਲਾਂ ਵੱਲੋਂ ਚੋਣ ਮੁਹਿੰਮ ਵਿੱਚ ਮਦਦ ਲਈ ਮੈਕਨਾਟਨ ਤੋਂ ਕਿਸੇ ਕਿਸਮ ਦੀ ਟੇਕ ਰੱਖੀ ਜਾਵੇਗੀ ਤਾਂ ਉਹ ਖੁਸ਼ੀ ਨਾਲ ਉਨ੍ਹਾਂ ਦੀ ਮਦਦ ਲਈ ਤਿਆਰ ਹੋ ਜਾਣਗੇ। ਇਸ ਮੌਕੇ ਮੈਕਨਾਟਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਦੋਂ ਵੀ ਪ੍ਰਧਾਨ ਮੰਤਰੀ, ਉਨ੍ਹਾਂ ਦੇ ਦੋਸਤਾਂ ਤੇ ਸਹਿਯੋਗੀਆਂ ਨੂੰ ਉਨ੍ਹਾਂ ਦੀ ਸਲਾਹ ਦੀ ਲੋੜ ਪੈਂਦੀ ਹੈ ਤਾਂ ਉਹ ਦੇਣ ਲਈ ਤਿਆਰ ਹਨ। ਉਨ੍ਹਾਂ ਆਖਿਆ ਕਿ ਆਪਣੀ ਰਾਇ ਦੇਣ ਤੋਂ ਉਹ ਕਦੇ ਵੀ ਨਹੀਂ ਝਿਜਕਦੇ। ਇਸ ਲਈ ਜੇ ਕਦੇ ਰਾਇ ਮੰਗੀ ਜਾਵੇਗੀ ਤਾਂ ਉਹ ਜ਼ਰੂਰ ਦੇਣਗੇ।

ਮੈਕਨਾਟਨ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੇ 21 ਅਕਤੂਬਰ ਨੂੰ ਹੋਣ ਵਾਲੀਆਂ ਫੈਡਰਲ ਚੋਣਾਂ ਤੋਂ ਕਾਫੀ ਪਹਿਲਾਂ ਹੀ ਇਹ ਜੌਬ ਛੱਡਣ ਦਾ ਮਨ ਬਣਾ ਲਿਆ ਸੀ। ਉਨ੍ਹਾਂ ਆਖਿਆ ਕਿ ਹੁਣ ਉਹ ਆਪਣਾ ਬਹੁਤਾ ਸਮਾਂ ਆਪਣੇ ਪਰਿਵਾਰ ਨਾਲ ਬਿਤਾਉਣਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਮੈਕਨਾਟਨ ਮਾਰਚ 2016 ਤੋਂ ਇਸ ਅਹੁਦੇ ਉੱਤੇ ਹਨ। ਨਾਫਟਾ ਸਬੰਧੀ ਮੁੜ ਹੋਈ ਗੱਲਬਾਤ ਅਤੇ ਕੈਨੇਡਾ ਉੱਤੇ ਅਮਰੀਕਾ ਵੱਲੋਂ ਲਾਏ ਗਏ ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਹਟਾਉਣ ਲਈ ਟਰੰਪ ਸਰਕਾਰ ਉੱਤੇ ਦਬਾਅ ਬਣਾਉਣ ਸਮੇਂ ਮੈਕਨਾਟਨ ਨੇ ਅਹਿਮ ਭੂਮਿਕਾ ਨਿਭਾਈ ਸੀ।

# ਓਪਨ ਹਾਊਸ ਦੀ ਥਾਂ ਚੋਣ ਈਵੈਂਟ ਲਈ ਲੋਕਾਂ ਨੂੰ ਭੇਜੇ ਸੱਦੇ ਲਈ ਐਨਡੀਪੀ ਨੇ ਮੰਗੀ ਮੁਆਫੀ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਫੈਡਰਲ ਇਲੈਕਸ਼ਨ ਲਾਅ ਤਥਾ ਕਥਿਤ ਐਮਪੀ ਸਰੋਤਾਂ ਦੀ ਚੋਣ ਕੈਂਪੇਨ ਲਈ ਵਰਤੋਂ, ਜਿਵੇਂ ਕਿ ਕੌਂਸਟੀਚਿਊਐਂਸੀ ਆਫਿਸਿਜ਼, ਉੱਤੇ ਰੋਕ ਲਾਉਂਦਾ ਹੈ। ਐਨਡੀਪੀ ਦੀ ਡਾਇਰੈਕਟਰ ਆਫ ਕਮਿਊਨਿਕੇਸ਼ਨਜ਼ ਮਿਲੇਨੀ ਰਿਚਰ ਨੇ ਆਖਿਆ ਕਿ ਪਾਰਟੀ ਕਦੇ ਵੀ ਅਜਿਹਾ ਨਹੀਂ ਸੀ ਕਰਨਾ ਚਾਹੁੰਦੀ। ਉਨ੍ਹਾਂ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਾਡਾ ਕਾਕਸ ਤੇ ਸਟਾਫ ਹਮੇਸ਼ਾਂ ਪਾਰਲੀਆਮੈਂਟਰੀ ਸਰੋਤਾਂ ਨੂੰ ਜ਼ਿੰਮੇਵਾਰੀ ਨਾਲ ਵਰਤਣ ਬਾਰੇ ਹੀ ਸੋਚਦਾ ਰਹਿੰਦਾ ਹੈ।

ਅਸੀਂ ਤਾਂ ਬਰਨਾਬੀ ਸਾਊਥ ਦੇ ਲੋਕਾਂ ਦਾ ਜਗਮੀਤ ਸਿੰਘ ਦੇ ਆਫਿਸ ਵਿੱਚ ਸਵਾਗਤ ਕਰਨ ਦੀ ਤਾਂਘ ਲਾਈ ਬੈਠੇ ਸੀ ਤੇ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦੇ ਸੀ ਕਿ ਕਿਸ ਢੰਗ ਨਾਲ ਇਹ ਆਫਿਸ ਉਨ੍ਹਾਂ ਦੀ ਮਦਦ ਕਰ ਸਕੇਗਾ। ਅਸਲ ਈਮੇਲ ਵਿੱਚ ਲਿਖਿਆ ਗਿਆ ਕਿ ਹੁਣ ਜਦੋਂ ਚੋਣਾਂ ਵਾਲੇ ਦਿਨ ਵਿੱਚ ਤਿੰਨ ਮਹੀਨੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ ਤਾਂ ਅਜਿਹੇ ਵਿੱਚ ਬਰਨਾਬੀ ਵਿੱਚ ਵੀ ਜੋਸ਼ੋ ਖਰੋਸ਼ ਭਖ ਚੁੱਕਿਆ ਹੈ। ਆਓ ਸਾਰੇ ਰਲ ਕੇ ਜੋਸ਼ੋ ਖਰੋਸ਼ ਨਾਲ ਭਰੀਏ ਤੇ ਇੱਕ ਦੂਜੇ ਨੂੰ ਇਸ ਬਾਰੇ ਜਾਣੂ ਕਰਵਾਈਏ ਅਤੇ ਬਰਨਾਬੀ ਸਾਊਥ ਵਿੱਚ ਬਿਹਤਰੀਨ ਚੋਣ ਮੁਹਿੰਮ ਚਲਾਈਏ।

ਰਿਚਰ ਨੇ ਆਖਿਆ ਕਿ ਜਿਵੇਂ ਹੀ ਪਾਰਟੀ ਨੂੰ ਆਪਣੀ ਗਲਤੀ ਦਾ ਅਹਿਸ-ਾਸ ਹੋਇਆ ਤਾਂ ਨਾਲ ਦੀ ਨਾਲ ਗਲਤੀ ਨਾਲ ਭੇਜੀ ਗਈ ਮੇਲ ਦਾ ਮੈਸੇਜ ਵੀ ਸਾਰਿਆਂ ਨੂੰ ਪਾ ਦਿੱਤਾ ਗਿਆ। ਇਸ ਦੇ ਨਾਲ ਹੀ ਚੋਣਾਂ ਦਾ ਜ਼ਿਕਰ ਕੀਤੇ ਬਿਨਾਂ ਨਵੀਂ ਈਮੇਲ ਵੀ ਸਾਰਿਆਂ ਨੂੰ ਭੇਜੀ ਗਈ ਜਿਸ ਵਿੱਚ ਲਿਖਿਆ ਸੀ "ਮੈਂ ਸ਼ੁੱਕਰਵਾਰ ਨੂੰ ਓਪਨ ਹਾਊਸ ਹੋਸਟ ਕਰ ਰਿਹਾ ਹਾਂ-ਤੇ ਆਸ ਕਰਦਾ ਹਾਂ ਕਿ ਤੁਸੀਂ ਸਾਰੇ ਇਸ ਮੌਕੇ ਇੱਥੇ ਪਹੁੰਚੋਂਗੇ। ਤੁਹਾਡੇ ਸਾਰਿਆਂ ਨਾਲ ਜੁੜਨ ਦਾ ਮੈਨੂੰ ਮੌਕਾ ਮਿਲ ਰਿਹਾ ਹੈ ਤੇ ਬਰਨਾਬੀ ਸਾਊਥ ਦੇ ਲੋਕਾਂ ਲਈ ਮੈਂ ਜੋ ਕੰਮ ਕਰ ਰਿਹਾ ਹਾਂ ਉਹ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।" ਇਹ ਸੱਦਾ ਇਸ ਵਾਰੀ ਜਗਮੀਤ ਸਿੰਘ ਵੱਲੋਂ ਦਿੱਤਾ ਗਿਆ। ਰਿਚਰ ਨੇ ਆਖਿਆ ਕਿ ਇਸ ਗਲਤੀ ਬਾਰੇ ਹਾਊਸ ਆਫ ਕਾਮਨਜ਼ ਦੇ ਕਲਰਕ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ।

ਇਸ ਦੌਰਾਨ ਲਿਬਰਲ ਪਾਰਟੀ ਦਾ ਕਹਿਣਾ ਹੈ ਕਿ ਆਪਣੀ ਗਲਤੀ ਤੋਂ ਸਬਕ ਸਿੱਖਦਿਆਂ ਹੋਇਆਂ ਜਗਮੀਤ ਸਿੰਘ ਨੂੰ ਇਹ ਈਵੈਂਟ ਹੀ ਰੱਦ ਕਰ ਦੇਣਾ ਚਾਹੀਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਫੈਡਰਲ ਸਰਕਾਰ ਮੈਨੀਟੋਬਾ ਉੱਤੇ ਕਾਰਬਨ ਟੈਕਸ ਤੋਂ ਹੋਣ ਵਾਲੀ ਆਮਦਨ ਵਿੱਚੋਂ 5.4 ਮਿਲੀਅਨ ਸਕੂਲਾਂ ਨੂੰ ਦੇਣ ਲਈ ਪਾ ਰਹੀ ਹੈ ਦਬਾਅ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਵੱਲੋਂ ਚਾਰ ਪ੍ਰੋਵਿੰਸਾਂ- ਓਨਟਾਰੀਓ, ਮੈਨੀਟੋਬਾ, ਸਸਕੈਚਵਨ ਤੇ ਨਿਊ ਬਰੰਜ਼ਵਿੱਕ ਉੱਤੇ ਫੈਡਰਲ ਕਾਰਬਨ ਟੈਕਸ ਲਾਇਆ ਗਿਆ ਹੈ। ਹਾਲਾਂਕਿ ਚਾਰੇ ਪ੍ਰੋਵਿੰਸਾਂ ਦੀਆਂ ਸਰਕਾਰਾਂ ਇਸ ਟੈਕਸ ਖਿਲਾਫ ਅਦਾਲਤੀ ਲੜਾਈ ਲੜ ਰਹੀਆਂ ਹਨ, ਸਿਰਫ ਮੈਨੀਟੋਬਾ ਇਹ ਫੰਡ ਲੋਕਲ ਸਕੂਲ ਬੋਰਡਜ਼ ਨੂੰ ਵੰਡਣ ਲਈ ਫੈਡਰਲ ਲਿਬਰਲ ਸਰਕਾਰ ਨਾਲ ਰਲ ਕੇ ਕੰਮ ਕਰਨ ਲਈ ਰਾਜ਼ੀ ਨਹੀਂ ਹੋਵੇਗਾ।

ਇਹ ਵੀ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਇਸ ਸਾਲ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਦੇ ਪ੍ਰਤੀ ਟੰਨ ਪਿੱਛੇ ਫੈਡਰਲ ਸਰਕਾਰ 20 ਡਾਲਰ ਲਾਏ ਜਾਣ ਵਾਲੇ ਟੈਕਸ ਦੇ ਹਿਸਾਬ ਨਾਲ 2.3 ਬਿਲੀਅਨ ਡਾਲਰ ਵਸੂਲੇਗੀ। ਇਸ ਵਿੱਚੋਂ 90 ਫੀ ਸਦੀ ਇਨਕਮ ਟੈਕਸ ਛੋਟ ਦੇ ਰੂਪ ਵਿੱਚ ਆਮ ਲੋਕਾਂ ਨੂੰ ਵਾਪਿਸ ਮਿਲ ਜਾਵੇਗਾ, ਪਰ ਇਸ ਵਿੱਚੋਂ ਕੁੱਝ ਰਕਮ ਨਿੱਕੇ ਕਾਰੋਬਾਰਾਂ, ਸਕੂਲਾਂ, ਯੂਨੀਵਰਸਿਟੀਜ਼, ਹਸਪਤਾਲਾਂ, ਮਿਊਂਸਪੈਲਿਟੀਜ਼ ਤੇ ਮੂਲਵਾਸੀ ਕਮਿਊਨਿਟੀਜ਼ ਦੀ ਮਦਦ ਲਈ ਰੱਖ ਲਿਆ ਜਾਵੇਗਾ।

ਇਸ ਦੌਰਾਨ ਮੈਨੀਟੋਬਾ ਸਕੂਲ ਬੋਰਡ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਐਲਨ ਕੈਂਪਬੈੱਲ ਨੇ ਆਖਿਆ ਕਿ ਉਨ੍ਹਾਂ ਇਸ ਮਾਮਲੇ ਵਿੱਚ ਉਦੋਂ ਦਖਲ ਦੇਣ ਦਾ ਮਨ ਬਣਾਇਆ ਜਦੋਂ ਫੈਡਰਲ ਐਨਵਾਇਰਮੈਂਟ ਮੰਤਰੀ ਕੈਥਰੀਨ ਮੈਕੇਨਾ ਨੇ ਆਖਿਆ ਕਿ ਮੈਨੀਟੋਬਾ ਦੇ ਸਕੂਲਾਂ ਲਈ ਨਿਰਧਾਰਤ ਫੰਡ ਮਿਊਂਸਪਲ ਸਰਕਾਰਾਂ, ਹਸਪਤਾਲਾਂ ਤੇ ਯੂਨੀਵਰਸਿਟੀਆਂ ਨੂੰ ਦੇ ਦਿੱਤੇ ਜਾਣਗੇ। ਉਨ੍ਹਾਂ ਆਖਿਆ ਕਿ ਕਾਰਬਨ ਟੈਕਸ ਕਾਰਨ ਸਕੂਲ ਬੋਰਡਜ਼ ਨੂੰ ਕਾਫੀ ਕੀਮਤ ਚੁਕਾਉਣੀ ਪੈਂਦੀ ਹੈ। ਸਕੂਲਾਂ ਦੀਆ ਬਿਲਡਿੰਗਾਂ ਨੂੰ ਗਰਮ ਰੱਖਣ ਲਈ ਹੀਟਿੰਗ ਦੀ ਲੋੜ ਹੈ। ਕਈ ਇਮਾਰਤਾਂ ਸਦੀਆਂ ਪੁਰਾਣੀਆਂ ਹਨ। ਇਸ ਤੋਂ ਇਲਾਵਾ ਬੱਸਾਂ ਦਾ ਫਲੀਟ ਵੀ ਪੁਰਾਣਾ ਹੋ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਬੋਰਡ ਦੇ ਟਰਸਟੀਜ਼ ਨੂੰ ਉਹ ਸੱਭ ਕਰਨਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਨੂੰ ਇਹ ਵਾਧੂ ਦੇ ਖਰਚੇ ਪੂਰੇ ਕਰਨ ਲਈ ਸਕੂਲਾਂ ਦੇ ਟੈਕਸਾਂ ਵਿੱਚ ਵਾਧਾ ਨਾ ਕਰਨਾ ਪਵੇ। ਉਨ੍ਹਾਂ ਆਖਿਆ ਕਿ ਇਸ ਆਮਦਨ ਵਿੱਚੋਂ ਕੁੱਝ ਹਿੱਸਾ ਜੇ ਸਾਨੂੰ ਵਾਪਿਸ ਮਿਲ ਰਿਹਾ ਹੈ ਤੇ ਉਸ ਨੂੰ ਮੁੜ ਸਕੂਲਾਂ ਵਿੱਚ ਨਿਵੇਸ ਕਰਨ ਦਾ ਮੌਕਾ ਸਾਨੂੰ ਮਿਲਦਾ ਹੈ ਤਾਂ ਉਹ ਬਹੁਤ ਹੀ ਚੰਗੀ ਗੱਲ ਹੈ।

# ਸਿਆਟਲ ਵਿੱਚ ਹੀਰਾ ਸਿੰਘ ਭੁੱਲਰ ਤੇ ਸਤਪਾਲ ਸਿੱਧੂ ਮੁੱਢਲੀ ਚੋਣ ਵਿੱਚ ਜੇਤੂ ਰਹੇ

ਸਿਆਟਲ, 8 ਅਗਸਤ (ਪੋਸਟ ਬਿਊਰੋ)- ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਵਿੱਚ ਸਿਟੀ ਕੌਂਸਲ ਮੈਂਬਰ ਲਈ ਉਮੀਦਵਾਰ ਹੀਰਾ ਸਿੰਘ ਭੁੱਲਰ ਅਤੇ ਵਾਟਕੌਮ ਕਾਊਂਟੀ ਐਗਜ਼ੈਕਟਿਵ ਲਈ ਮੈਦਾਨ ਵਿੱਚ ਨਿੱਤਰ ਸਤਪਾਲ ਸਿੱਧੂ ਪ੍ਰਾਇਮਰੀ ਚੋਣ 'ਚੋਂ ਜੇਤੂ ਰਹੇ ਦੱਸੇ ਗਏ ਹਨ।

ਹੀਰਾ ਸਿੰਘ ਭੁੱਲਰ ਦਾ ਮੁਕਾਬਲਾ ਗੋਰੇ ਉਮੀਦਵਾਰ ਲੈਸ ਥੋਮਸ ਨਾਲ ਅਤੇ ਸਤਪਾਲ ਸਿੰਘ ਸਿੱਧੂ ਦਾ ਮੁਕਾਬਲਾ ਰਿਪਬਲਿਕਨ ਗੋਰੇ ਉਮੀਦਵਾਰ ਨਾਲ ਨਵੰਬਰ ਵਿੱਚ ਹੋਵੇਗਾ। ਕਰੀਬ 100 ਸਾਲ ਪਹਿਲਾਂ ਬੈਲਗਾਮ ਵਿੱਚ ਨਸਲਵਾਦੀ ਵਿਤਕਰੇ ਕਾਰਨ ਪੰਜਾਬੀਆਂ ਅਤੇ ਘੱਟ ਗਿਣਤੀ ਦੇ ਲੋਕਾਂ ਨੂੰ ਸ਼ਹਿਰ ਵਿੱਚੋਂ ਕੱਢ ਦਿੱਤਾ ਗਿਆ ਸੀ, ਜਿਥੋਂ ਪਿਛਲੀ ਵਾਰ ਸਤਪਾਲ ਸਿੱਧੂ ਵਾਟਕੌਮ ਕਾਊਂਟੀ ਦੇ ਕੌਂਸਲ ਮੈਂਬਰ ਚੁਣੇ ਗਏ ਸਨ। ਇਸ ਵਾਰ ਵਾਟਕੌਮ ਕਾਊਂਟੀ ਦੇ ਐਗਜ਼ੈਕਟਿਵ ਦੀ ਵੱਕਾਰੀ ਚੋਣ ਲੜ ਰਹੇ ਹਨ। ਜੇ ਜਿੱਤ ਜਾਂਦੇ ਹਨ ਤਾਂ ਵਾਟਕੌਮ ਕਾਊਂਟੀ ਵਿੱਚ ਪਹਿਲੇ ਪੰਜਾਬੀ ਐਗਜ਼ੈਕਟਿਵ ਹੋਣਗੇ ਅਤੇ ਹੀਰਾ ਸਿੰਘ ਭੁੱਲਰ ਵੀ ਨਵੰਬਰ 'ਚ ਜਿੱਤ ਜਾਂਦੇ ਹਨ ਤਾਂ ਪਹਿਲੇ ਗੁਰਸਿੱਖ ਪਗੜੀਧਾਰੀ ਸਿੱਖ ਕੈਂਟ ਸਿਟੀ ਕੌਂਸਲ ਮੈਂਬਰ ਹੋਣਗੇ। ਪੰਜਾਬੀ ਭਾਈਚਾਰੇ ਪੱਬਾਂ ਭਾਰ ਹੋ ਕੇ ਦੋਵੇਂ ਉਮੀਦਵਾਰਾਂ ਨੂੰ ਜਿਤਾਉਣ ਵਿੱਚ ਜ਼ੋਰ ਲਾ ਰਹੇ ਹਨ।




ਕੋਕਰੀ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ 17 ਅਗਸਤ ਦਿਨ ਸ਼ਨੀਵਾਰ ਨੂੰ Wildwood park in malton and the main intersection is (Derry and goreway) ਵਿਖੇ ਪਿਕਨਿਕ ਮਨਾਈ ਜਾ ਰਹੀ ਹੈ। ਜਿਸ ਵਿਚ ਬੱਚਿਆਂ ਤੇ ਨੌਜਵਾਨਾਂ ਲਈ ਐਕਟੀਵਿਟੀਜ ਕਰਵਾਈਆਂ ਜਾਣਗੀਆਂ ਤੇ ਇਨਾਮ ਵੀ ਵੰਡੇ ਜਾਣਗੇ। ਆਓ ਸਾਰੇ ਇਕੱਠੇ ਹੋ ਕੇ ਇਸ ਪਿਕਨਿਕ ਦਾ ਆਨੰਦ ਮਾਣੀਏ। ਨਵੇ ਜੁਆਇਨ ਕਰਨ ਵਾਲੇ ਪਰਿਵਾਰਾਂ ਲਈ ਮੀਟ ਐਂਡ ਗ੍ਰੀਟ ਵੀ ਆਯੋਜਿਤ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਭਿੰਦਾ ਗਿੱਲ ਨਾਲ 416-414-7125 ਜਾਂ ਫੇਰ ਅਮਰ ਗਿੱਲ ਨਾਲ 647-406-5965 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਕਰੀਦ ਮੌਕੇ ਘਰ ਅਤੇ ਸੁਸਾਈਟੀ ਵਿੱਚ ਜਾਨਵਰਾਂ ਦੀ ਕੁਰਬਾਨੀ ਨਹੀਂ ਦਿੱਤੀ ਜਾ ਸਕੇਗੀ

ਮੁੰਬਈ, 8 ਅਗਸਤ (ਪੋਸਟ ਬਿਊਰੋ)- ਬਕਰੀਦ ਦੇ ਮੌਕੇ ਇਸ ਵਾਰੀ ਮੁੰਬਈ ਦੇ ਘਰਾਂ ਅਤੇ ਸੁਸਾਈਟੀ ਵਿੱਚ ਕੁਰਬਾਨੀ ਕਰਨ ਉੱਤੇ ਰੋਕ ਲਾ ਦਿੱਤੀ ਗਈ ਹੈ। ਬੰਬੇ ਹਾਈ ਕੋਰਟ ਨੇ ਬਕਰੀਦ ਮੌਕੇ ਗੈਰ ਕਾਨੂੰਨੀ ਤਰੀਕੇ ਨਾਲ ਹੋ ਰਹੀ ਕੁਰਬਾਨੀ ਬਾਰੇ ਇੱਕ ਪਟੀਸ਼ਨ ਦੀ ਸੁਣਵਾਈ ਤੋਂ ਬਾਅਦ ਇਹ ਹੁਕਮ ਜਾਰੀ ਕੀਤਾ ਅਤੇ ਕਿਹਾ ਕਿ ਕੇਵਲ ਸਰਕਾਰ ਵੱਲੋਂ ਮਨਜ਼ੂਰ ਕੀਤੇ ਗਏ ਕਤਲਖਾਨਿਆਂ ਵਿੱਚ ਹੀ ਕਿਸੇ ਪਸ਼ੂ ਦੀ ਕੁਰਬਾਨੀ ਕੀਤੀ ਜਾ ਸਕਦੀ ਹੈ।

ਵਰਨਣ ਯੋਗ ਹੈ ਕਿ ਇਸ ਵਾਰ 12 ਅਗਸਤ ਨੂੰ ਬਕਰੀਦ ਮਨਾਈ ਜਾਵੇਗੀ। ਹਾਈ ਕੋਰਟ ਦੇ ਹੁਕਮ ਮੁਤਾਬਕ ਬਕਰੀਦ ਮੌਕੇ ਕੇਵਲ ਸਰਕਾਰ ਦੇ ਮਨਜ਼ੂਰ ਕਤਲਖਾਨਿਆਂ ਵਿਚ ਹੀ ਕੁਰਬਾਨੀ ਹੋ ਸਕੇਗੀ। ਮੁੰਬਈ ਸ਼ਹਿਰ ਵਿੱਚ ਮਨਜ਼ੂਰ 58 ਕਤਲਖਾਨੇ ਹਨ, ਜਿੱਥੇ ਕੁਰਬਾਨੀ ਹੋ ਸਕੇਗੀ। ਇਸ ਦੇ ਨਾਲ ਰੇਲਵੇ ਸਟੇਸ਼ਨ, ਬੱਸ ਸਟਾਪ ਜਾਂ ਆਟੋ ਰਿਕਸ਼ਾ ਸਟੈਂਡ ਸਮੇਤ ਸਭ ਜਨਤਕ ਥਾਵਾਂ ਉੱਤੇ ਕੁਰਬਾਨੀ ਉੱਤੇ ਰੋਕ ਲਾਈ ਗਈ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

# ਹੱਸਣ ਦੀ ਆਦਤ ਪਾ ਸੱਜਣਾਂ..

-ਗੁਰਦਾਸ ਸਿੰਘ ਸੇਖੋਂ-



ਹਾਸੇ ਦੀ ਸੌਗਾਤ ਕੇਵਲ ਮਨੁੱਖ ਨੂੰ ਪ੍ਰਾਪਤ ਹੋਈ ਹੈ। ਹਾਸਾ ਅਜਿਹਾ ਗਹਿਣਾ ਹੈ ਜੋ ਸਾਡੀ ਨੀਰਸ ਜ਼ਿੰਦਗੀ ਵਿੱਚ ਮਿਠਾਸ ਘੋਲਦਾ ਹੈ। ਅਨੇਕਾਂ ਪਦਾਰਥਕ ਸਹੂਲਤਾਂ ਹੋਣ ਦੇ ਬਾਵਜੂਦ ਆਧੁਨਿਕ ਮਨੁੱਖੀ ਚਿਹਰੇ ਹਾਸੇ ਦੀ ਅਣਹੋਂਦ ਕਾਰਨ ਉਦਾਸੀ ਦੇ ਆਲਮਾਂ ਵਿੱਚ ਘਿਰੇ ਦੇਖੇ ਜਾ ਸਕਦੇ ਹਨ। ਇਸ ਦੇ ਉਲਟ ਅਨੇਕਾਂ ਦੁੱਖਾਂ ਦਾ ਸਾਹਮਣਾ ਕਰਦੇ ਕਈ ਇਨਸਾਨ ਚਿਹਰੇ ਤੋਂ ਹਾਸੇ ਦੇ ਵਪਾਰੀ ਦਿਖਾਈ ਦਿੰਦੇ ਹਨ। ਅਜਿਹੇ ਬੁਲੰਦ ਤੇ ਬੇਫਿਕਰੇ ਮਨੁੱਖ ਦੁੱਖਾਂ ਦੇ ਪਹਾੜਾਂ ਨੂੰ ਟਿੱਚ ਜਾਣਦੇ ਹੋਏ ਜ਼ਿੰਦਗੀ ਦਾ ਆਨੰਦ ਮਾਣਦੇ ਤੇ ਹਰ ਮੁਸ਼ਕਿਲ ਖਿੜੇ ਮੱਥੇ ਸਵੀਕਾਰ ਕਰਦੇ ਹੋਏ ਚਿਹਰੇ ਉਤੇ ਹਾਸਾ ਤੇ ਮੁਸਕਰਾਹਟ ਬਰਕਰਾਰ ਰੱਖਦੇ ਹਨ। ਹਾਸੇ ਨੂੰ ਜੀਵਨ ਸ਼ੈਲੀ ਦਾ ਸ਼ਿੰਗਾਰ ਬਣਾਉਣ ਲਈ ਇਸ ਦੀ ਲੋੜ ਸਮਝਣੀ ਜ਼ਰੂਰੀ ਹੈ।

ਹਾਸਾ ਰੂਹ ਦੀ ਖੁਰਾਕ ਹੈ। ਹਾਸਾ ਉਸ ਸੰਜੀਵਨੀ ਬੂਟੀ ਦੇ ਸਮਾਨ ਹੈ, ਜਿਸ ਨਾਲ ਮਨ ਤੇ ਤਨ ਨੂੰ ਤੰਦਰੁਸਤੀ ਮਿਲਦੀ ਹੈ। ਚਿੰਤਾ ਤੇ ਤਣਾਅ ਤੋਂ ਮੁਕਤੀ ਲਈ ਗੰਭੀਰ ਗੱਲਾਂ ਦੇ ਲਤੀਫੇ ਬਣਾ ਕੇ ਹਸੀਨ ਜ਼ਿੰਦਗੀ ਦਾ ਲੁਤਫ ਲਿਆ ਜਾ ਸਕਦਾ ਹੈ। ਖੁੱਲ੍ਹ ਕੇ ਹੱਸਣ ਨਾਲ ਕਿਸ਼ਤੀ ਦਾ ਚੱਪੂ ਚਲਾਉਣ ਦੇ ਬਰਾਬਰ ਕਸਰਤ ਹੋ ਜਾਂਦੀ ਹੈ। ਹਾਸੇ ਉਪਰੰਤ ਸਰੀਰ ਫੁੱਲਾਂ ਵਾਂਗ ਹੌਲਾ ਮਹਿਸੂਸ ਕਰਦਾ ਹੈ। ਉਹ ਘਰ ਸਵਰਗ ਦੇ ਤੁਲ ਹੁੰਦੇ ਹਨ, ਜਿਥੇ ਹਾਸੇ ਗੂੰਜਦੇ ਹਨ। ਪਰਵਾਰਕ ਮੈਂਬਰਾਂ ਵਿੱਚ ਹੱਸਣ ਖੇਡਣ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ ਤਾਂ ਜੋ ਠਰ ਦਾ ਮਾਹੌਲ ਸੁਖਾਵਾਂ ਬਣਿਆ ਰਹੇ। ਹੱਸਣ ਖੇਡਣ ਦੀ ਕੁਦਰਤੀ ਫਿਤਰਤ ਦੀ ਹਮਾਇਤ ਤਾਂ ਗੁਰਬਾਣੀ ਵਿੱਚ ਵੀ ਮਿਲਦੀ ਹੈ:

ਹੱਸਣ ਖੇਡਣ ਮਨ ਕਾ ਚਾਉ।

ਹਸਮੁਖ ਚਿਹਰੇ 'ਤੇ ਸਦਾ ਰੌਣਕ ਰਹਿੰਦੀ ਹੈ ਤੇ ਅਜਿਹਾ ਚਿਹਰਾ ਝੁਰੜੀਆਂ ਤੋਂ ਵੀ ਬਚਿਆ ਰਹਿੰਦਾ ਹੈ। ਹਸਮੁਖੀ ਸੁਭਾਅ ਨਾਲ ਸਾੜਾ, ਈਰਖਾ ਤੇ ਕ੍ਰੋਧ ਵਰਗੇ ਔਗੁਣਾ 'ਤੇ ਕਾਬੂ ਪਾਇਆ ਜਾ ਸਕਦਾ ਹੈ। ਹਸਮੁਖ ਇਨਸਾਨ ਦੂਜਿਆਂ ਦੇ ਕੋਝੇ ਬੋਲਾਂ ਨੂੰ ਦਿਲ 'ਤੇ ਨਹੀਂ ਲਾਉਂਦੇ। ਉਹ ਅਜਿਹੇ ਚੁਭਵੇਂ ਮਿਹਣਿਆਂ ਨੂੰ ਸਹਿਜੇ ਹੀ ਅਣਗੌਲੇ ਕਰ ਦਿੰਦੇ ਹਨ। ਹੱਸਦਾ ਚਿਹਰਾ ਗੁਲਾਬ ਦੇ ਖਿੜੇ ਫੁੱਲ ਵਾਂਗ ਲੱਗਦਾ ਹੈ ਜਦ ਕਿ ਰੋਂਦੂ ਤੇ ਸੜੀਅਲ ਚਿਹਰੇ ਤੋਂ ਮੁਰਝਾਏ ਫੁੱਲ ਵਾਂਗ ਖੁਸ਼ਬੂ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਮਾਸਪੇਸ਼ੀਆਂ ਦੀ ਕਸਰਤ ਅਤੇ ਬਲੱਡ ਪ੍ਰੈਸ਼ਰ ਵਿੱਚ ਸੰਤੁਲਨ ਬਣਾਉਣ ਦਾ ਕੰਮ ਵੀ ਹਾਸਾ ਹੀ ਕਰਦਾ ਹੈ। ਹਾਸ ਰੋਗ ਨਿਰੋਧਕ ਸ਼ਕਤੀ ਨੂੰ ਉਭਾਰਦਾ ਹੈ ਤੇ ਆਨੰਦਮਈ ਨੀਂਦ ਲਿਆਉਣ ਵਿੱਚ ਸਹਾਈ ਹੁੰਦਾ ਹੈ। ਹੱਸਣ ਨਾਲ ਸਰੀਰ ਵਿੱਚ ਸਾਕਾਰਾਤਮਕ ਹਾਰਮੋਨ ਪੈਦਾ ਹੁੰਦੇ ਹਨ ਜਿਸ ਨਾਲ ਸਰੀਰ ਦੀ ਹਾਲਾਤ ਕਾਟੋ ਦੇ ਫੁੱਲਾਂ 'ਤੇ ਖੇਡਣ ਸਮਾਨ ਹੁੰਦੀ ਹੈ। ਚਿਹਰੇ ਦੀ ਮੁਸਕਾਨ ਰੰਗ ਰੂਪ ਨੂੰ ਚਾਰ ਚੰਨ ਲਾਉਂਦੀ ਹੈ। ਇਕ ਖੂਬਸੂਰਤ ਚਿਹਰਾ ਤੇ ਦੂਸਰਾ ਇਸ ਉਪਰ ਹਰ ਸਮੇਂ ਮੁਸਕਰਾਹਟ ਰਹਿਣੀ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੋਈ ਹਰ ਇਕ ਨੂੰ ਆਕਰਸ਼ਿਤ ਕਰਦੀ ਹੈ। ਸਾਡੇ ਸਮਾਜ ਵਿੱਚ ਕੁਝ ਸੌੜੀ ਸੋਚ ਵਾਲੇ ਲੋਕ ਹਾਸੇ ਨੂੰ ਨੀਵੇਂ ਚਰਿੱਤਰ ਦਾ ਪ੍ਰਤੀਕ ਮੰਨਦੇ ਹਨ, ਜਿਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਮਿਲਦਾ ਹੈ:

ਚਿੱਟੇ ਦੰਦ ਹੱਸਣੋਂ ਨਾ ਰਹਿੰਦੇ
ਲੋਕੀਂ ਭੈੜੇ ਸ਼ੱਕ ਕਰਦੇ

ਵਿਗਿਆਨ ਦੀ ਖੋਜ ਅਨੁਸਾਰ ਹੱਸਣ ਨਾਲ ਯਾਦਸ਼ਕਤੀ ਦਾ ਵਾਧਾ ਹੁੰਦਾ ਹੈ। ਇਸ ਨਾਲ ਸਰੀਰ ਵਿੱਚ ਆਕਸੀਜਨ ਦੀ ਮਾਤਰਾ ਵਧਦੀ ਤੇ ਸਰੀਰ ਤਰੋਤਾਜਾ ਮਹਿਸੂਸ ਕਰਦਾ ਹੈ। ਖੁੱਲ੍ਹਾ ਡੁੱਲ੍ਹਾ ਹਾਸਾ ਵਾਧੂ ਊਰਜਾ ਦੀ ਖਪਤ ਕਰਕੇ ਸਰੀਰ ਦੇ ਵਜ਼ਨ ਨੂੰ ਕਾਬੂ ਕਰਨ ਵਿੱਚ ਸਹਾਈ ਹੁੰਦਾ ਹੈ। ਹਾਸਾ ਕੋਈ ਬਾਜ਼ਾਰੂ ਵਸਤੂ ਨਹੀਂ ਹੈ। ਹੱਸਣ 'ਤੇ ਕੋਈ ਖਰਚ ਨਹੀਂ ਹੁੰਦਾ, ਬਲਕਿ ਇਸ ਦੇ ਲਾਭ ਮਨੁੱਖੀ ਸਿਹਤ ਲਈ ਜੜੀ ਬੂਟੀਆਂ ਵਾਂਗ ਗੁਣਕਾਰੀ ਸਾਬਤ ਹੁੰਦੇ ਹਨ।

ਹੱਸਦੇ ਇਨਸਾਨ ਦੇ ਚਿਹਰੇ ਦਾ ਜਲੌਅ ਉਸ ਦੇ ਸਮਾਜਿਕ ਦਾਇਰੇ ਨੂੰ ਗੁਲਕੰਦੀ ਮਿਠਾਸ ਵਰਤਾਉਂਦਾ ਹੈ। ਹੱਸਣ ਦੇ ਇੰਨੇ ਲਾਭ ਹੋਣ ਦੇ ਬਾਵਜੂਦ ਸਾਡੇ ਚਿਹਰਿਆਂ ਤੋਂ ਹਾਸਾ ਲੋਪ ਹੁੰਦਾ ਜਾ ਰਿਹਾ ਹੈ। ਅਣਭੋਲ ਬੱਚੇ ਤੇ ਚੜ੍ਹਦੀ ਜਵਾਨੀ ਦੇ ਚਿਹਰਿਆਂ 'ਤੇ ਹਾਸਿਆਂ ਦੀਆਂ ਛਹਿਬਰਾਂ ਦੇਖੀਆਂ ਜਾ ਸਕਦੀਆਂ ਹਨ, ਪਰ ਉਮਰ ਦੇ ਪਕੇਰਾ ਹੋਣ ਨਾਲ ਜ਼ਿੰਮੇਵਾਰੀਆਂ, ਸਮੱਸਿਆਵਾਂ ਤੇ ਰੁਝੇਵੇਂ ਵਧ ਜਾਂਦੇ ਅਤੇ ਮਨੁੱਖੀ ਜ਼ਿੰਦਗੀ ਕੋਹਲੂ ਦੇ ਬੈਲ ਵਾਂਗ ਇਨ੍ਹਾਂ ਬੋਝਾਂ ਥੱਲੇ ਦੱਬ ਜਾਂਦੀ ਹੈ।

ਜ਼ਿੰਦਗੀ ਬਹੁਤ ਸੌਖੀ ਹੈ, ਪਰ ਅਸੀਂ ਇਸ ਨੂੰ ਗੁੰਝਲਦਾਰ ਬਣਾਉਣ ਵਿੱਚ ਲੱਗੇ ਹੋਏ ਹਾਂ। ਜੇ ਆਪਣੇ ਪਰਵਾਰਕ ਤੇ ਸਮਾਜਿਕ ਦਾਇਰੇ ਨਾਲ ਹੱਸ ਖੇਡ ਕੇ ਸਮਾਂ ਬਿਤਾਇਆ ਜਾਵੇ ਤਾਂ ਜ਼ਿੰਦਗੀ ਸੁਹਾਵਣੀ ਤੇ ਸੌਖੀ ਬੀਤ ਜਾਂਦੀ ਹੈ। ਹਰ ਸਮੇਂ ਮੱਥੇ ਵੱਟ ਪਾ ਕੇ ਰੱਖਣ ਵਾਲੇ ਸ਼ਖਸ ਦੂਜਿਆਂ ਨਾਲ ਅਸਹਿਮਤੀ ਜਤਾਉਣ ਵਿੱਚ ਊਰਜਾ ਖਪਤ ਕਰਦੇ ਰਹਿੰਦੇ ਹਨ, ਜਿਸ ਨਾਲ ਮਾਹੌਲ ਅਸੁਖਾਵਾਂ ਪ੍ਰਤੀਤ ਹੁੰਦਾ ਹੈ ਅਤੇ ਸਮਾਂ ਬੋਝਲ ਤੇ ਅਕਾਊ ਲੱਗਣ ਲੱਗਦਾ ਹੈ।

ਹਾਸੇ ਠੱਠੇ ਦਾ ਸਬੰਧ ਮਜ਼ਾਕ ਨਾਲ ਹੈ ਤੇ ਮਜ਼ਾਕ ਸਿਰਫ ਆਪਣਿਆਂ ਨਾਲ ਕੀਤਾ ਜਾਂਦਾ ਹੈ। ਮਜ਼ਾਕ ਇੰਨਾ ਤਿੱਖਾ ਚੁਭਵਾਂ ਵੀ ਨਾ ਹੋਵੇ ਕਿ ਮਜ਼ਾਕ ਦਾ ਪਾਤਰ ਬਣਿਆ ਇਨਸਾਨ ਹੱਤਕ ਮਹਿਸੂਸ ਕਰੇ। ਕਈ ਵਾਰ ਅਜਿਹਾ ਮਨੁੱਖ ਮਜ਼ਾਕ ਨੂੰ ਗੰਭੀਰ ਲੈ ਜਾਂਦਾ ਹੈ ਤੇ ਹਾਸੇ ਦਾ ਤਮਾਸ਼ਾ ਬਣਨ ਦਾ ਤੌਖਲਾ ਖੜਾ ਹੋ ਜਾਂਦਾ ਹੈ। ਇਸ ਲਈ ਹਾਸੇ ਮਜ਼ਾਕ ਦੀ ਵੀ ਹੱਦ ਹੋਣੀ ਚਾਹੀਦੀ ਹੈ ਤੇ ਖੁਦ ਹੱਸਣ ਦੇ ਨਾਲ-ਨਾਲ ਦੂਜਿਆਂ ਦਾ ਵੀ ਹੱਸਣਾ ਜ਼ਰੂਰੀ ਹੈ। ਸਹੁਰੇ ਘਰ ਸਾਲੀਆਂ ਆਪਣੇ ਜੀਜੇ ਨੂੰ ਮਖੌਲ ਕਰਕੇ ਹਾਸੇ ਦਾ ਮਾਹੌਲ ਸਿਰਜਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਦਿਉਰ ਭਰਜਾਈ ਦੇ ਰਿਸ਼ਤੇ ਨੂੰ ਆਪਸ ਵਿੱਚ ਹਾਸਾ ਮਜ਼ਾਕ ਕਰਨ ਦੀ ਖੁੱਲ੍ਹ ਲੋਕ ਗੀਤਾਂ ਵਿੱਚੋਂ ਦ੍ਰਿਸ਼ਟੀਮਾਨ ਹੁੰਦੀ ਹੈ:

ਮੇਰਾ ਦਿਉਰ ਬੜਾ ਟੁੱਟ ਪੈਣਾ
ਹੱਸਦੀ ਦੇ ਦੰਦ ਗਿਣਦਾ

ਵਰਤਮਾਨ ਸਮੇਂ ਹਾਸੇ ਮਜ਼ਾਕ ਦੇ ਮੌਕੇ ਇੰਨੇ ਮਨਫੀ ਹੋ ਚੁੱਕੇ ਹਨ ਕਿ ਲੋਕ ਇਸ ਦੀ ਪੂਰਤੀ ਲਈ 'ਲਾਫਟਰ ਕਲੱਬ' ਜਾਂ ਯੋਗ ਕੈਂਪਾਂ ਵਿੱਚ ਜਾ ਕੇ ਬਣਾਉਟੀ ਹਾਸਾ ਹੱਸਦੇ ਹਨ, ਪਰ ਇਹ ਬਣਾਉਟੀ ਹਾਸਾ ਸਰੀਰ ਲਈ ਕੁਦਰਤੀ ਹਾਸੇ ਜਿੰਨਾ ਲਾਭਕਾਰੀ ਨਹੀਂ ਹੁੰਦਾ। ਦੋ ਤਿੰਨ ਦਹਾਕੇ ਪਹਿਲਾਂ ਮੁੰਡੇ ਦੀ ਛਟੀ ਜਾਂ ਵਿਆਹ ਮੌਕੇ ਭੰਡ (ਨਕਲੀਏ) ਹਾਸਿਆਂ ਦੇ ਅੰਬਾਰ ਲਾ ਕੇ ਰੌਣਕਾਂ ਵਧਾਉਂਦੇ ਸਨ। ਭੰਡਾਂ ਦੇ ਲਤੀਫੇ ਲੋਕਾਂ ਦੇ ਢਿੱਡੀ ਪੀੜਾਂ ਪਾ ਦਿੰਦੇ ਸਨ। ਭੰਡਾਂ ਤੋਂ ਬਾਅਦ ਕੁਝ ਸਮਾਂ ਕਾਮੇਡੀਅਨਾਂ ਨੇ ਆਪਣੀਆਂ ਕੈਸੇਟਾਂ ਰਾਹੀਂ ਲੋਕਾਂ ਨੂੰ ਹਸਾਉਣ ਦੀ ਜ਼ਿੰਮੇਵਾਰੀ ਸੰਭਾਲੀ। ਅਜੋਕੇ ਦੌਰ ਵਿੱਚ ਫਿਲਮਾਂ, ਸੀਰੀਅਲ ਅਤੇ ਟੀ ਵੀ ਚੈਨਲਾਂ ਦੇ ਕਾਮੇਡੀ ਮੁਕਾਬਲੇ ਹਾਸੇ ਦੀ ਉਪਜ ਦਾ ਸਾਧਨ ਹਨ। ਹਾਸੇ ਦੇ ਇਹ ਸਾਧਨ ਲੋਕ ਮਨੋਰੰਜਨ ਤਾਂ ਕਰਦੇ ਹਨ, ਪਰ ਕੁਦਰਤੀ ਹਾਸੇ ਦਾ ਦਰਜਾ ਨਹੀਂ ਲੈ ਸਕਦੇ।

ਕਈ ਵਾਰ ਵੱਡੀਆਂ ਪ੍ਰਾਪਤੀਆਂ ਤੇ ਖੁਸ਼ੀਆਂ ਨਾਲ ਵੀ ਹਾਸਾ ਪ੍ਰਾਪਤ ਨਹੀਂ ਹੁੰਦਾ ਤੇ ਕਈ ਵਾਰ ਛੋਟੀ ਜਿਹੀ ਪ੍ਰਾਪਤੀ ਤੇ ਖੁਸ਼ੀ ਸਦਕਾ ਹੀ ਹਾਸੇ ਦੀ ਦਸਤਕ ਹੋ ਜਾਂਦੀ ਹੈ। ਇਸ ਦੀ ਪ੍ਰਾਪਤੀ ਲਈ ਵਕਤ ਦੀ ਨਜ਼ਾਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਸਥਿਤੀ ਤੇ ਸਮਰੱਥਾ ਅਨੁਸਾਰ ਯਤਨ ਕਰਦੇ ਰਹਿਣਾ ਚਾਹੀਦਾ ਹੈ। ਹਾਸਾ ਉਪਜਾਉਣ ਲਈ ਬੀਤੇ ਵਕਤ ਦੇ ਮਜ਼ਾਕੀਆ ਪਲਾਂ ਨੂੰ ਆਪਣੇ ਕਰੀਬੀਆਂ ਸੰਗ ਸਾਂਝਾ ਕਰ ਲੈਣਾ ਚਾਹੀਦਾ ਹੈ। ਦੋਸਤਾਂ ਤੇ ਪਰਵਾਰਕ ਮੈਂਬਰਾਂ ਦੀਆਂ ਬੁਰੀਆਂ ਆਦਤਾਂ ਦੇ ਹਲਕੇ ਮਖੌਲ ਬਣਾ ਕੇ ਸਮੇਂ ਨੂੰ ਮਾਣਿਆ ਜਾ ਸਕਦਾ ਹੈ। ਆਓ ਕੇਵਲ ਫੋਟੋ ਖਿਚਾਉਣ ਵੇਲੇ ਮੁਸਕਰਾਉਣ ਦੀ ਬਜਾਏ ਕਿਉਂ ਨਾ ਹਾਸੇ ਨੂੰ ਚਿਹਰੇ ਦਾ ਉਮਰ ਭਰ ਦਾ ਗਹਿਣਾ ਬਣਾਈਏ।

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

# ਮਹਾ ਪਰਲੋ ਦਾ ਤਮਾਸ਼ਾ


ਕਰਨੈਲ ਸਿੰਘ ਟੋਰਾਂਟੋ 416-746-7642

ਸਾਰਗ ਮਹਲਾ ੫ ॥
੧. ਮਾਈ ਸਤਿ ਸਤਿ ਸਤਿ! ਹਰਿ, ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈਂ ਛੀਕਿ ਗਾਂਠਰੀ ਬਾਧਾ ॥ ੧ ॥
ਰਹਾਉ ॥ ਨਿਸਿ ਬਾਸੁਰ ਨਖਿਆਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥
ਅੰਡ ਬਿਨਾਸੀ ਜੇਰ ਬਿਨਾਸੀ ਉਤ ਭੁਜ ਸੇਤ ਬੇਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸ਼ਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ ੩ ॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥ ੪ ॥
(ਪੰਨਾ ੧੨੦੪)

ਭਾਵ:- ਸਤਿਗੁਰੂ ਅਰਜਨ ਦੇਵ ਜੀ ਨੇ ਇਕ ਮਾਈ ਨੂੰ ਗਿਆਨ ਕਰਾਇਆ, ਮਾਈ ਨੇ ਸਤਿਗੁਰ ਜੀ ਦੇ ਪਵਿੱਤ੍ਰ ਚਰਨਾਂ ਵਿਚ ਨਮਸਕਾਰ ਕੀਤੀ ਅਤੇ ਬੇਅੰਤ ਪਦਾਰਥਾਂ ਦੀ ਮੰਗ ਕੀਤੀ, ਸਤਿਗੁਰੂ ਜੀ ਨੇ ਮਾਈ 'ਤੇ ਦਯਾ ਕੀਤੀ। ਇਸ ਸ਼ਬਦ ਦੁਆਰਾ ਗਿਆਨ ਕਰਾਇਆ, ਹੇ ਮਾਈ ਤੈਂ ਸਾਰੇ ਬਿਨਸੁ ਜਾਣ ਵਾਲੇ ਪਦਾਰਥ ਮੰਗੇ ਹਨ, ਇਸ ਸੰਸਾਰ ਵਿਚ ਜੋ ਵੀ ਅੱਖਾਂ ਨਾਲ ਦੇਖਣ ਵਿਚ ਆਉਂਦਾ ਹੈ ਸਭ ਬਿਨਸ ਜਾਣ ਵਾਲਾ ਹੈ। ਤੇਰੇ ਨਾਲ ਜਾਣ ਵਾਲਾ ਸਾਧੂ ਦਾ ਦਿਤਾ ਸ਼ਬਦ ਹੈ। ਬਾਕੀ ਸਭ ਪਦਾਰਥ ਜੋ ਮੰਗਦੀ ਹੈਂ ਮਾਇਆ ਦੁੱਧ ਪੁੱਤ ਆਦਿਕ ਏਥੇ ਰਹਿ ਜਾਣਗੇ, ਆਦਿ, ਅੰਤ ਮੱਧ, ਭੂਤ, ਭਵਿਖ, ਭਵਾਨ, ਤਿੰਨ ਸਮੇਂ ਹਨ ਤਿੰਨਾਂ ਸਮਿਆਂ ਵਿਚ ਹਰੀ=ਅਕਾਲ ਪੁਰਖ ਸੱਤ ਰਹਿੰਦਾ ਹੈ, ਅਤੇ ਤਿੰਨਾਂ ਸਮਿਆਂ ਵਿਚ ਸਾਧੂ ਸੱਤ ਰਹਿੰਦਾ ਹੈ। ਸਾਧੂ ਸਾਰੇ ਨਹੀਂ ਜੋ ਉਸ ਨੂੰ ਭਾ ਗਿਆ ਹੋਵੇ। ਜਿਸ ਦੀ ਕਮਾਈ ਕਸਵੱਟੀ ਤੇ ਪੂਰੀ ਉਤਰੀ ਹੋਵੇ, ਬਾਕੀ ਫ਼ੇਲ ਹੋਏ ਸਾਧੂ ਵੀ ਜੂਨੀਆਂ ਵਿਚ ਘੁੰਮਦੇ ਰਹਿੰਦੇ ਹਨ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੇ ਗੁਰੂ ਰਾਮ ਦਾਸ ਮਹਾਰਾਜ ਜੀ ਨੇ ਸਾਨੂੰ ਇਕ ਬਚਨ ਕਹਿਕੇ ਸਮਝਾਇਆ ਸੀ, ਅਸੀਂ ਉਸਨੂੰ ਹਿਰਦੇ ਵਿਚ ਟਿਕਾ ਲਿਆ ਹੈ। ਗਾਂਠੜੀ ਤੋਂ ਭਾਵ ਹੈ ਪਹਿਲੇ ਸਮੇਂ ਵਿਚ ਲੋਕ ਜ਼ਿਆਦਾਤਰ ਅਨਪੜ੍ਹ ਹੁੰਦੇ ਸੀ, ਉਹਨਾਂ ਨੇ ਕਿਸੇ ਜ਼ਰੂਰੀ ਕੰਮ ਦੀ ਗੱਲ ਨੂੰ ਭੁੱਲਣ ਤੋਂ ਡਰਦਿਆਂ ਆਪਣੇ ਪੱਲੇ ਨਾਲ ਗੰਢ ਦੇ ਦੇਣੀ ਕਿ ਜਦੋਂ ਗੰਢ ਸਾਮ੍ਹਣੇ ਨਜ਼ਰ ਆਏਗੀ ਤਾਂ ਜ਼ਰੂਰੀ ਕੰਮ ਯਾਦ ਆ ਜਾਵੇਗਾ। ਇਸ ਕਰਕੇ ਗੁਰੂ ਜੀ ਨੇ ਗਾਂਠੜੀ ਸ਼ਬਦ ਦੀ ਵਰਤੋਂ ਕੀਤੀ ਹੈ। ਪਰ ਬਚਨ ਹਿਰਦੇ ਵਿਚ ਟਿਕ-ਾਇਆ ਹੈ ਪਰ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਸਤਿਗੁਰੂ ਜੀ ਭੁੱਲਣ ਵਾਲੇ ਨਹੀਂ ਸਨ। ਸਤਿਗੁਰੂ ਜੀ ਘਟਾਂ ਘਟਾਂ ਦੀ ਜਾਨਣ ਵਾਲੇ ਅਤੇ ਤਿੰਨਾਂ ਲੋਕਾਂ, ਚੌਦਾਂ ਤਬਕਾਂ, ਨਉਂ ਖੰਡ, ਸੱਤਾਂ ਦੀਪਾਂ ਦੀ ਜਾਨਣ ਵਾਲੇ ਸਨ। ਇਹ ਗੰਢਾਂ ਦੇਣ ਵਾਲਾ ਸਮਾਂ 1947 ਤੋਂ 1960 ਤਕ ਦਾਸ ਨੇ ਆਪ ਦੇਖਿਆ ਹੈ। ਪਹਿਲੇ 1936 ਤੋਂ 1947 ਤਕ ਅੰਞਾਣਪੁਣੇ ਵਿਚ ਬੀਤੀ ਸੀ ਜਾਣੀਂ ਕੋਈ ਸਮਝ ਨਹੀਂ ਸੀ 10 ਸਾਲ ਤਕ। 1960 ਤੋਂ ਅੱਗੇ ਵਿਦਿਆ ਜ਼ੋਰ ਫੜ ਗਈ। ਗੰਢਾਂ ਦੇਣੀਆਂ ਭੁੱਲ ਗਏ ਜਿਵੇਂ ਫੋਨ ਲੱਗਣ ਤੋਂ ਬਾਅਦ ਚਿੱਠੀਆਂ ਪਾਉਣੀਆਂ ਭੁੱਲ ਗਏ। ਪਹਿਲੇ ਸਮੇਂ ਵਿਚ ਅੰਗ੍ਰੇਜ਼ਾਂ ਦੇ ਰਾਜ ਵੇਲੇ ਦੇ ਦੋ ਜਾਂ ਚਾਰ ਜਮਾਤਾਂ ਪੜ੍ਹੇ ਪਟਵਾਰੀ ਹੁੰਦੇ ਸਨ। ਹੇ ਮਾਈ ਦਿਨ ਤੇ ਰਾਤ ਚੜ੍ਹਨੋਂ ਹਟ ਜਾਣ, ਤਾਰੇ ਚੰਦਰਮਾ ਅਤੇ ਸੂਰਜ ਚੜ੍ਹਨੋਂ ਹੱਟ ਜਾਣ, ਅਲੋਪ ਹੋ ਜਾਣ। ਧਰਤੀ, ਪਹਾੜ, ਜਲ, ਸਮੁੰਦਰ ਅਲੋਪ ਹੋ ਜਾਵੇ ਅਤੇ ਸਮੁੰਦਰ ਤੋਂ ਬਾਦ ਪਵਨ ਵੀ ਅਲੋਪ ਹੋ ਜਾਵੇ। ਮਹਾਂ ਪਰਲੋ ਦੇ ਤਮਾਸ਼ੇ ਸਮੇਂ, ਸਭ ਮਹਾਂ ਪਰਲੋਂ ਦੀ ਭੇਟ ਚੜ੍ਹ ਜਾਣਗੇ। ਇਕ ਸਾਧੂ ਗੁਰੂ ਦਾ ਦਿਤਾ ਬਚਨ ਅਟਲਾਂਦਾ ਹੈ। ਇਸ ਦਾ ਮਹਾਂ ਪਰਲੋਂ ਸਮੇਂ ਵੀ ਅੰਤ ਨਹੀਂ ਹੁੰਦਾ। ਜਿਸ ਸ਼ਬਦ ਨੂੰ ਗੁਰੂ ਕਾ ਬਚਨ, ਗੁਰੂ ਮੰਤਰ, ਗੁਰੂ ਉਪਦੇਸ਼ ਜਾਂ ਗਿਆਨ ਅਤੇ ਗੁਰੂ ਕੀ ਦੀਖਿਆ, ਗੁਰਪ੍ਰਸਾਦਿ ਆਦਿਕ ਨਾਮਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਮਾਈ ਤੈਂ ਸਦਾ ਰਹਿਣ ਵਾਲਾ ਸ਼ਬਦ ਨਹੀਂ ਮੰਗਿਆ ਗੁਰੂ ਨਾਨਕ ਦੀ ਗੱਦੀ ਤੋਂ। ਅੰਡਿਆਂ ਤੋਂ ਪੈਦਾ ਹੋਣ ਵਾਲੇ ਜੀਵ ਪੰਖੀ ਆਦਿਕ ਜ਼ੇਰ ਤੋਂ ਪੈਦਾ ਹੋਣ ਵਾਲੇ ਮਨੁੱਖ ਅਤੇ ਪਸ਼ੂ ਕੁੱਤੇ ਬਿੱਲੇ ਆਦਿਕ, ਉਤ ਭੁੱਜ=ਅਠਾਰਹ ਭਾਰ ਬਨਸਪਤੀ ਦਰਖਤ, ਪੌਦੇ, ਖੇਤੀ ਬਾੜੀ ਆਦਿਕ ਅਤੇ ਸੇਤ ਬਿਨਾਧਾ=ਪਸੀਨੇ ਆਦਿਕ ਤੋਂ ਪੈਦਾ ਹੋਣ ਵਾਲੇ ਜੂਆਂ ਆਦਿਕ। ਇਹ ਉਤੇ ਲਿਖੇ ਚਾਰ ਖਾਣੀਆਂ ਤੋਂ ਪੈਦਾ ਹੋਏ ਸਭ ਬਿਨਾਸੁ ਹੋ ਜਾਣਗੇ ਮਹਾਂਪਰਲੋ ਸਮੇਂ। ਅਤੇ ਚਾਰ ਬੇਦ ਛੇ ਸ਼ਾਸਤ੍ਰ ਅਤੇ 27 ਸਿਮ੍ਰਿਤੀਆਂ ਅਠਾਰਾਂ ਪੁਰਾਨ ਭਾਵ ਕਿ ਦੁਨੀਆਂ ਦਾ ਧਾਰਮਕ ਗ੍ਰੰਥ ਕੋਈ ਨਹੀਂ ਰਹੇਗਾ। ਜਿਹੜਾ ਗ੍ਰੰਥ ਧਰਤੀ ਦੀ ਸਤਾ ਤੇ ਟਿਕਿਆ ਹੋਇਆ ਹੈ ਉਹ ਧਰਤੀ ਦੇ ਨਾਲ ਹੀ ਪਾਣੀ ਵਿਚ ਬਹਿ ਜਾਏਗਾ।

ਤਥਾ:- ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥

ਇਕ ਸਾਧੂ ਦਾ ਦਿਤਾ ਭਾਵ ਗੁਰੂ ਦਾ ਦਿਤਾ ਬਚਨ ਜੋ ਅੱਜ ਕਲ੍ਹ ਅਸੀਂ ਗੁਰੂ ਕਿਆਂ ਦੀ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਤੋਂ ਸੁਣਦੇ ਹਾਂ ਪਹਿਲੇ ਸਮੇਂ ਵਿਚ ਸਾਧੂ ਹੀ ਦਿੰਦੇ ਸਨ, ਆਮ ਮੱਤਾਂ ਵਿਚ ਹੁਣ ਵੀ ਸਾਧੂ ਦਿੰਦੇ ਹਨ। ਜਿਹੜਾ ਬਚਨ ਸਾਧੂ ਸੁਣਾਉਂਦਾ ਹੈ ਜਾਂ ਸਿੱਖ ਮੱਤ ਅਨੁਸਾਰ ਪੰਜ ਪਿਆਰੇ ਸੁਣਾਉਂਦੇ ਹਨ, ਉਹ ਧਰਤੀ 'ਤੇ ਟਿਕਿਆ ਨਹੀਂ ਹੈ। ਉਹ ਇਕ ਆਵਾਜ਼ ਹੈ ਉਹ ਸ਼ਬਦ ਸਦਾ ਹੀ ਰਹਿੰਦਾ ਹੈ ਅਤੇ ਉਸਦਾ ਸਿਮਰਨ ਕਰਨ ਵਾਲੇ ਦੀ ਲੋਕ ਪਰਲੋਕ ਵਿਚ ਸਹਾਇਤਾ ਕਰਦਾ ਹੈ, ਇਸੇ ਕਰਕੇ ਗੁਰਬਾਣੀ ਇਸ ਨਾਮੁ ਰੂਪੀ ਸ਼ਬਦ ਦੀ ਸਿਫ਼ਤ ਕਰਦੀ ਹੈ। ਇਸੇ ਕਰਕੇ ਗੁਰੂ ਜੀ ਨੇ ਤਿੰਨਾਂ ਸਮਿਆਂ ਵਿਚ ਸਾਧੂ=ਭਾਵ ਗੁਰੂ ਦੁਆਰਾ ਸਿਮਰਨ ਕਰਨ ਵਾਲੇ ਭਾਵੇਂ ਗੁਰੂ ਕਾ ਸਿੱਖ ਹੋਵੇ। ਨਾਮ ਜਪਣ ਵਾਲਾ ਸਾਧੂ ਹੈ, ਜਾਤ ਪਾਤ ਤੋਂ ਸਾਧੂ ਨਹੀਂ ਹੈ। ਸਾਧੂ ਜਾਂ ਹਰੀ ਪ੍ਰਮਾਤਮਾ ਸੱਤ ਹਨ।

੩. ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸ਼ਟਿ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ ੩ ॥

ਭਾਵ:- ਰਜੋ, ਤਮੋ, ਸਤੋ, ਇਹ ਤਿੰਨੇ ਗੁਣ ਪ੍ਰਭੂ ਦੀ ਕੁਦਰਤ ਮਾਇਆ ਦੇ ਹਨ। ਇਹ ਵੀ ਬਿਨਸ ਜਾਣਗੇ। ਇਹ ਸਾਰਾ ਸੰਸਾਰ ਤਿੰਨਾਂ ਗੁਣਾਂ ਤੋਂ ਬਣਿਆ ਹੋਇਆ ਹੈ, ਜੋ ਅੱਖਾਂ ਨਾਲ ਦਿਸਦਾ ਹੈ ਸਭ ਬਿਨਸ ਜਾਏਗਾ ਮਹਾਂਪਰਲੋ ਸਮੇਂ। ਤੀਸਰੇ ਪਦ ਵਿਚ ਫੇਰ ਗੁਰੂ ਜੀ ਕਥਨ ਕਰਦੇ ਹਨ, ਕਿ ਇਕ ਸਾਧ ਦਾ ਦਿਤਾ ਹੋਇਆ ਬਚਨ ਗੁਰਮਤਿ ਨਹੀਂ ਬਿਨਸੇਗਾ। ਅਗਾਧਾ+ਹੈ=ਸਦਾ ਹੀ ਰਹੇਗਾ। ਅੰਮ੍ਰਿਤ ਛਕ ਕੇ ਇਸ ਦੀ ਪ੍ਰਾਪਤੀ ਕਰੋ।
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥ ੪ ॥ ੬ ॥
(ਪੰਨਾ ੧੨੦੪)

ਭਾਵ:- ਉਸ ਪਰਮਾਤਮਾ ਨੇ ਆਪਣੇ ਆਪ ਨੂੰ ਆਪੇ ਹੀ ਉਪਾਇਆ ਹੈ, ਕਿਸੇ ਮਾਤਾ ਪਿਤਾ ਤੋਂ ਪੈਦਾ ਨਹੀਂ ਹੋਇਆ, ਉਸ ਨੇ ਇਕ ਖੇਲ ਵਰਤਾਈ ਹੋਈ ਹੈ, ਹੋਰ ਕੋਈ ਭਾਂਤ ਕੱਚੇ ਢੰਗ ਤਰੀਕੇ ਨਾਲ ਨਹੀਂ ਮਿਲਦਾ ਉਹ ਪਰੀਪੂਰਨ ਪਰਮਾਤਮਾ ਪੂਰੇ ਗੁਰੂਆਂ ਦੁਆਰਾ ਹੀ ਮਿਲਦਾ ਹੈ। ਹੇ ਮਾਈ ਤਿੰਨਾਂ ਸਮਿਆਂ ਵਿਚ ਸਾਧੂ ਜਾਂ ਹਰੀ ਸੱਤ ਰਹਿੰਦਾ ਹੈ, ਜਾਂ ਗੁਰਾਂ ਦਾ ਦਿਤਾ ਗੁਰਮੰਤ੍ਰ ਰਹਿੰਦਾ ਹੈ। ਯਾਦ ਰੱਖਣ ਵਾਲੀ ਗੱਲ ਇਹ ਸਾਧੂ ਦੀ ਸਿਫ਼ਤ ਗੁਰੂ ਸਾਹਿਬ ਨੇ ਭੇਖੀ ਸਾਧੂ ਦੀ ਨਹੀਂ ਕੀਤੀ ਭਗਵੇਂ ਕਪੜੇ ਪਾ ਲਏ ਜਾਂ ਚਿੱਟੇ, ਕਾਲੇ, ਪੀਲੇ ਆਦਿ ਪਾਕੇ ਡੇਰੇਦਾਰ ਬਣ ਗਿਆ। ਭੋਲੇ ਲੋਕਾਂ ਤੋਂ ਮੱਥੇ ਟਿਕਾਈ ਜਾਣੇ ਅਤੇ ਉਹਨਾਂ ਦਾ ਧਨ ਦੌਲਤ ਖਾ ਪੀ ਕੇ ਐਸ਼ ਉਡਾਉਣੀ। ਸਿਮਰਨ ਭਗਤੀ ਤੋਂ ਹੀਣਾ ਹੈ। ਉਸਦੀ ਸਿਫ਼ਤ ਨਹੀਂ, ਬ੍ਰਹਮ ਨੂੰ ਪਾ ਨਹੀਂ ਸਕਿਆ ਅਧੂਰਾ ਹੈ। ਅਜੇ ਜੂਨੀਆਂ ਦੇ ਵਿਚ ਘੁੰਮੇਗਾ। ਸਤਿਗੁਰੂ ਕਦੇ ਕਿਸੇ ਅਧੂਰੇ ਦੀ ਵਡਿਆਈ ਨਹੀਂ ਕਰਦੇ। ਹਮੇਸ਼ਾ ਪੂਰੇ ਦੀ ਸਿਫ਼ਤ ਵਡਿਆਈ ਹੀ ਕਰਦੇ ਹਨ ਅਤੇ ਪ੍ਰਮਾਤਮਾ ਦਾ ਰੂਪ ਹਨ।
ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯਉ ਏਕ ਘਰੀ ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥
ਰਾਮ ਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥ ੪ ॥
(ਪੰਨਾ ੧੪੦੯)

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਰਾਜਨੀਤੀ, ਜੋ ਸਿੱਖੀ ਦੇ ਪਤਨ ਦਾ ਕਾਰਣ ਬਣ ਰਹੀ ਹੈ ?


ਜਸਵੰਤ ਸਿੰਘ 'ਅਜੀਤ'

ਇਕ ਸੱਚਾਈ, ਜੋ ਬਹੁਤ ਹੀ ਕੌੜੀ ਹੈ, ਉਹ ਇਹ ਹੈ ਕਿ ਸਤਿਗੁਰਾਂ ਦੀ ਵਰੋਸਾਈ ਧਰਤੀ, ਪੰਜਾਬ, ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਹੋਰ ਧਾਰਮਕ ਸੰਸਥਾਵਾਂ ਸਿੱਖੀ ਦਾ ਪ੍ਰਚਾਰ ਕਰਨ ਅਤੇ ਉਸ ਪੁਰ ਹਰ ਸਾਲ ਲੱਖਾਂ ਹੀ ਨਹੀਂ, ਸਗੋਂ ਕਰੋੜਾਂ ਰੁਪਏ ਖਰਚ ਕਰਨ ਦਾ ਦਾਅਵਾ ਕਰਦੀਆਂ ਚਲੀਆਂ ਆ ਰਹੀਆਂ ਹਨ, ਉਥੇ ਸਿੱਖੀ ਦੀ ਹਾਲਤ ਵੇਖ-ਸੁਣ ਕੇ ਖੂਨ ਦੇ ਅਥਰੂ ਵਹਾਣ ਨੂੰ ਜੀਅ ਕਰਦਾ ਹੈ। ਪਤੱਤਪੁਣਾ ਲਗਾਤਾਰ ਵਧਦਾ ਜਾ ਰਿਹਾ ਹੈ। ਸਿੱਖੀ ਵਿਰਸੇ ਨਾਲ ਜੁੜਨ ਜਾਂ ਜੁੜੇ ਰਹਿਣ ਦੀ ਭਾਵਨਾ ਕਿਧਰੇ ਵੀ ਵਿਖਾਈ ਨਹੀਂ ਦੇ ਰਹੀ। ਇਸ ਵਿੱਚ ਕੋਈ ਸ਼ਕ ਨਹੀਂ ਕਿ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ, ਜਿਸਦੇ ਫਲਸਰੂਪ ਗੁਰਦੁਆਰਿਆਂ ਦੀ ਆਮਦਨ ਵਿੱਚ ਵੀ ਅੰਤਾਂ ਦਾ ਵਾਧਾ ਹੋ ਰਿਹਾ ਹੈ, ਪਰ ਸਿੱਖੀ-ਸਰੂਪ ਲਗਾਤਾਰ ਘਟਦਾ ਜਾ ਰਿਹਾ ਹੈ। ਸਿੱਖੀ ਦੇ ਸ਼ੁਭ-ਚਿੰਤਕਾਂ ਦੇ ਸ਼ਬਦਾਂ ਵਿੱਚ 'ਜਦੋਂ ਗੁਰਦੁਆਰਿਆਂ ਦੀਆਂ ਇਮਾਰਤਾਂ ਕਚੀਆਂ ਹੁੰਦੀਆਂ ਸਨ ਤਾਂ ਸਿੱਖੀ ਮਜ਼ਬੂਤ ਹੁੰਦੀ ਸੀ, ਪਰ ਅਜ ਉਨ੍ਹਾਂ (ਗੁਰਦੁਆਰਿਆਂ) ਦੀਆਂ ਇਮਾਰਤਾਂ ਜਿਤਨੀਆਂ ਪੱਕੀਆਂ ਅਤੇ ਸੁੰਦਰ ਹੁੰਦੀਆਂ ਜਾ ਰਹੀਆਂ ਹਨ, ਸਿੱਖੀ ਉਤਨੀ ਹੀ ਕੱਚੀ ਹੁੰਦੀ ਜਾ ਰਹੀ ਹੈ। ਗੁਰਦੁਆਰਿਆਂ ਦੇ ਗੁੰਬਦਾਂ ਅਤੇ ਦਰਵਾਜ਼ਿਆਂ ਆਦਿ ਤੇ ਤਾਂ ਸੋਨਾ ਚੜ੍ਹਦਾ ਜਾ ਰਿਹਾ ਹੈ, ਪਰ ਉਨ੍ਹਾਂ ਦੇ ਅੰਦਰੋਂ ਸਿੱਖੀ ਗ਼ਾਇਬ ਹੁੰਦੀ ਜਾ ਰਹੀ ਹੈ'।

ਜਿਨ੍ਹਾਂ ਸੰਸਥਾਵਾਂ ਨੇ ਸਿੱਖੀ ਪ੍ਰਚਾਰ ਦਾ ਬੀੜਾ ਚੁਕਿਆ ਹੈ, ਉਨ੍ਹਾਂ ਵਿਚੋਂ ਬਹੁਤੀਆਂ ਸੰਸਥਾਵਾਂ ਤਾਂ ਦੁਕਾਨਾਂ ਹੀ ਬਣ ਕੇ ਰਹਿ ਗਈਆਂ ਹਨ। ਕੁਝ ਇੱਕ ਨੇ ਤਾਂ ਧਰਮ ਪ੍ਰਚਾਰ ਨੂੰ ਲੋਕਾਂ ਪਾਸੋਂ ਪੈਸਾ ਬਟੋਰਨ ਦਾ ਧੰਦਾ ਬਣਾ ਲਿਆ ਹੈ ਤੇ ਕੁਝ ਵਲੋਂ ਪ੍ਰਚਾਰ ਦੇ ਨਾਂ ਤੇ ਅਜਿਹਾ ਸਾਹਿਤ ਪ੍ਰਕਾਸ਼ਤ ਅਤੇ ਪ੍ਰਚਾਰਤ ਕੀਤਾ ਜਾ ਰਿਹਾ ਹੈ, ਜੋ ਸਿੱਖੀ ਦਾ ਪ੍ਰਚਾਰ ਕਰਨ ਅਤੇ ਉਸ ਪ੍ਰਤੀ ਸ਼ਰਧਾ-ਪੂਰਣ ਵਿਸ਼ਵਾਸ ਦ੍ਰਿੜ੍ਹ ਕਰਵਾਉਣ ਦੀ ਬਜਾਏ, ਵਿਵਾਦ ਪੈਦਾ ਕਰ, ਉਨ੍ਹਾਂ ਨੂੰ ਵਧਾਉਣ ਵਿੱਚ ਹੀ ਮਦਦਗਾਰ ਸਾਬਤ ਹੋ ਰਿਹਾ ਹੈ।

ਗੁਰਧਾਮ, ਜੋ ਕਿਸੇ ਸਮੇਂ ਸਿੱਖੀ ਪ੍ਰਚਾਰ ਦੇ ਸੋਮੇ ਸਵੀਕਾਰੇ ਜਾਂਦੇ ਸਨ। ਅਜ ਉਨ੍ਹਾਂ ਵਿਚਲੇ ਪ੍ਰਚਾਰ ਦੇ ਸੋਮੇਂ ਸੁਕਦੇ ਜਾ ਰਹੇ ਹਨ। ਇਥੋਂ ਤਕ ਕਿ ਸਿੱਖੀ ਦੇ ਸਰਵੁਚ ਧਾਰਮਕ ਅਸਥਾਨਾਂ ਦੇ ਸਨਮਾਨਤ ਅਹੁਦਿਆਂ ਪੁਰ ਬਿਰ-ਾਜਮਾਨ ਸ਼ਖਸੀਅਤਾਂ ਵੀ ਆਪਣੇ ਅਹੁਦੇ ਦੇ ਸਨਮਾਨ, ਸਤਿਕਾਰ ਅਤੇ ਵਕਾਰ ਨੂੰ ਬਣਾਈ ਰੱਖਣ ਅਤੇ ਆਪਣੇ ਅਹੁਦੇ ਦੀਆਂ ਜ਼ਿਮੇਂਦਾਰੀਆਂ ਈਮਾਨਦਾਰੀ ਨਾਲ ਨਿਭਾਉਣ ਪ੍ਰਤੀ ਸਮਰਪਤ ਹੋਣ ਦੀ ਬਜਾਏ, ਉਸ ਨਾਲ ਚਿਮੜੇ ਰਹਿਣ ਲਈ ਜਾਂ ਤਾਂ ਆਪ ਰਾਜਨੀਤੀ ਕਰਨ ਲਗ ਪਈਆਂ ਹਨ ਜਾਂ ਫਿਰ ਰਾਜਸੀ ਵਿਅਕਤੀਆਂ ਦੀ ਕਠਪੁਤਲੀ ਬਣ, ਉਨ੍ਹਾਂ ਦੇ ਇਸ਼ਾਰਿਆਂ ਤੇ ਨੱਚਣ ਲਗੀਆਂ ਹਨ।

ਅਜ ਜੋ ਸਥਿਤੀ ਬਣ ਗਈ ਹੋਈ ਹੈ, ਉਸਦੇ ਲਈ ਕਿਸੇ ਇਕ ਵਿਅਕਤੀ ਨੂੰ ਹੀ ਦੋਸ਼ੀ ਨਹੀਂ ਗਰਦਾਨਿਆ ਜਾ ਸਕਦਾ, ਅਸਲ ਵਿੱਚ ਵਿਗੜਿਆ ਹੋਇਆ ਸਾਰਾ ਸਿਸਟਮ ਹੀ ਇਸਦੇ ਲਈ ਜ਼ਿਮੇਂਦਾਰ ਹੈ। ਅਜ ਹਾਲਾਤ ਅਜਿਹੇ ਬਣ ਗਏ ਹੋਏ ਹਨ ਜਾਂ ਬਣਾ ਦਿਤੇ ਗਏ ਹਨ, ਜਿਨ੍ਹਾਂ ਨੇ ਧਰਮ ਅਤੇ ਰਾਜਨੀਤੀ ਨੂੰ ਆਪੋ ਵਿੱਚ ਇਉਂ ਰਲਗੱਡ ਕਰ ਦਿਤਾ ਹੈ, ਕਿ ਇਨ੍ਹਾਂ ਨੂੰ ਇਕ-ਦੂਜੇ ਤੋਂ ਵੱਖ ਕਰਨਾ ਜੇ ਨਾਮੁ-ਮਕਿਨ ਨਹੀਂ ਤਾਂ ਮੁਸ਼ਕਲ ਜ਼ਰੂਰ ਹੋ ਗਿਆ ਹੋਇਆ ਹੈ। ਜੇ ਕੋਈ ਇਸ ਮੁਸ਼ਕਲ ਨੂੰ ਹਲ ਕਰਨ ਲਈ ਆਵਾਜ਼ ਉਠਾਂਦਾ ਹੈ, ਜਾਂ ਹੰਭਲਾ ਮਾਰਦਾ ਹੈ ਤਾਂ ਧਰਮ ਤੇ ਰਾਜਨੀਤੀ ਪੁਰ ਕੁੰਡਲ ਮਾਰੀ ਬੈਠੇ ਕੌਮ ਦੇ ਠੇਕੇਦਾਰ ਉਸਦਾ ਜੀਣਾ ਹਰਾਮ ਕਰ ਦਿੰਦੇ ਹਨ। ਉਸਦੇ ਵਿਰੁਧ ਫਤਵਾ ਜਾਰੀ ਕਰ ਦਿਤਾ ਜਾਂਦਾ ਹੈ ਕਿ ਉਹ ਗੁਰੂ ਸਾਹਿਬਾਨ ਵਲੋਂ ਸਥਾਪਤ ਕੀਤੀਆਂ ਗਈਆਂ ਸਿੱਖੀ ਦੀਆਂ ਮਰਿਆਦਾਵਾਂ ਅਤੇ ਪਰੰਪਰਾਵਾਂ ਪੁਰ ਕੁਹਾੜਾ ਮਾਰ ਰਿਹਾ ਹੈ।

ਅਜ ਹਾਲਤ ਇਥੋਂ ਤਕ ਵਿਗੜ ਗਈ ਹੋਈ ਹੈ ਕਿ ਜੇ ਰਾਜਸੱਤਾ ਚਾਹੀਦੀ ਹੈ ਤਾਂ ਉਸ ਪੁਰ ਪੁਜਣ ਲਈ ਕੌਮ ਦੀਆਂ ਧਾਰਮਕ ਭਾਵਨਾਵਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿਉ! ਜਦੋਂ ਧਾਰਮਕ ਸੰਸਥਾਵਾਂ ਨੂੰ ਆਪਣੇ ਰਾਜਸੀ ਸੁਆਰਥ ਲਈ ਵਰਤਣ ਦੀ ਲੋੜ ਹੋਵੇ ਤਾਂ ਉਨ੍ਹਾਂ ਪੁਰ ਕਬਜ਼ਾ ਕਰਨ ਲਈ ਕਿਸੇ ਵੀ ਤਰ੍ਹਾਂ ਦੇ ਹਥਕੰਡੇ ਵਰਤਣ ਤੋਂ ਨਾ ਤਾਂ ਕੋਈ ਸੰਕੋਚ ਕਰੋ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਸ਼ਰਮ ਮਹਿਸੂਸ ਕਰੋ, ਮਤਲਬ ਇਹ ਕਿ ਹਰ ਤਰ੍ਹਾਂ ਦਾ ਜਾਇਜ਼-ਨਾਜਾਇਜ਼ ਹਥਕੰਡਾ ਵਰਤ ਲਉ। ਫਿਰ ਆਪਣੇ ਸੁਆਰਥ ਨੂੰ ਪੁਰਿਆਂ ਕਰਨ ਦੇ ਉਦੇਸ਼ ਨਾਲ ਉਨ੍ਹਾਂ ਦੀ ਵਰਤੋਂ ਕਰਨ ਲਈ, ਉਨ੍ਹਾਂ ਵਿੱਚ ਪ੍ਰਚਲਤ ਅਤੇ ਸਥਾਪਤ ਮਰਿਆਦਾਵਾਂ ਅਤੇ ਪਰੰਪਰਾਵਾਂ ਦਾ ਵੀ ਘਾਣ ਕਰਨਾ ਸ਼ੁਰੂ ਕਰ ਦਿਉ ਅਤੇ ਇਸ ਬਦਲਾਉ ਨੂੰ ਠੀਕ ਸਾਬਤ ਕਰਨ ਲਈ, ਉਨ੍ਹਾਂ ਦੀ ਪ੍ਰੀਭਾਸ਼ਾ ਨੂੰ ਵੀ ਆਪਣੀ ਇੱਛਾ ਅਨੁਸਾਰ ਢਾਲ ਲਉ। ਮਤਲਬ ਇਹ ਕਿ ਵਰਤਮਾਨ ਸਮੇਂ ਵਿੱਚ ਰਾਜਸੱਤਾ ਲਈ ਧਰਮ ਅਤੇ ਧਾਰਮਕ ਸੰਸਥਾਵਾਂ ਦੀ ਵਰਤੋਂ ਕਰਨ ਅਤੇ ਧਾਰਮਕ ਖੇਤ੍ਰ ਵਿੱਚ ਆਪਣੇ ਪ੍ਰਭਾਵ ਨੂੰ ਸਥਾਪਤ ਕਰਨ ਲਈ ਹਰ ਤਰ੍ਹਾਂ ਦੇ ਹੱਥਕੰਡਿਆਂ ਦੀ ਵਰਤੋਂ ਕਰਨਾ ਆਮ ਗਲ ਹੋ ਗਈ ਹੈ। ਫਲਸਰੂਪ ਅਜ ਨਾ ਤਾਂ ਧਰਮ ਨੂੰ ਧਰਮ ਅਤੇ ਨਾ ਹੀ ਰਾਜਨੀਤੀ ਨੂੰ ਰਾਜਨੀਤੀ ਰਹਿਣ ਦਿਤਾ ਗਿਆ ਹੈ।

ਫਿਰ ਹਨੇਰ ਸਾਈਂ ਦਾ, ਜਿਹੜੇ ਲੋਕੀ ਅਜਿਹਾ ਕਰ ਰਹੇ ਹਨ ਅਤੇ ਜਿਨ੍ਹਾਂ ਨੇ ਅਜਿਹਾ ਕੀਤਾ ਹੈ, ਉਹ ਆਪਣੇ ਗੁਨਾਹ ਨੂੰ ਸਵੀਕਾਰ ਕਰਨ ਦੀ ਬਜਾਏ, ਆਪਣੇ ਆਪਨੂੰ ਬੇਗੁਨਾਹ ਸਾਬਤ ਕਰਨ ਲਈ, ਗੁਰੂ ਸਾਹਿਬ ਦੇ ਨਾਂ ਦੀ ਵਰਤੋਂ ਕਰਦਿਆਂ, ਇਹ ਆਖਣਾ ਸ਼ੁਰੂ ਕਰ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਹੀ ਤਾਂ ਧਰਮ ਅਤੇ ਰਾਜਨੀਤੀ ਨੂੰ ਇਕਠਿਆਂ ਕੀਤਾ ਹੈ। ਉਹ ਇਹ ਸਵੀਕਾਰ ਕਰਨ ਲਈ ਤਿਆਰ ਹੀ ਨਹੀਂ ਹੁੰਦੇ ਕਿ ਗੁਰੂ ਸਾਹਿਬ ਨੇ ਧਰਮ ਤੇ ਰਾਜਨੀਤੀ ਨੂੰ ਇਕਠਿਆਂ ਨਹੀਂ ਕੀਤਾ, ਸਗੋਂ ਭਗਤੀ ਅਤੇ ਸ਼ਕਤੀ ਨੂੰ ਇਕ-ਦੂਜੇ ਦੇ ਪੂਰਕ ਵਜੋਂ ਸਥਾਪਤ ਕੀਤਾ ਹੈ। ਇਸਦੀ ਪ੍ਰਤੱਖ ਉਦਾਹਰਣ ਖ਼ਾਲਸੇ ਦੀ ਸਿਰ-ਜਨਾ ਹੈ, ਜੋ ਰਾਜੇ ਜਾਂ ਮਹਾਰਾਜੇ ਦਾ ਸਰੂਪ ਨਹੀਂ, ਸਗੋਂ ਸੰਤ-ਸਿਪਾਹੀ ਦਾ ਸਰੂਪ ਹੈ।

ਗੁਰੂ ਸਾਹਿਬ ਦਾ ਸਿਰਜਿਆ ਸੰਤ-ਸਿਪਾਹੀ ਖਾਲਸਾ, ਸੱਤਾਧਾਰੀ ਜਾਂ ਨਿਰੰਕੁਸ਼ ਮਹਾਰਾਜਾ ਜਾਂ ਬਾਦਸ਼ਾਹ ਨਹੀਂ, ਸਗੋਂ ਅਕਾਲ ਪੁਰਖ ਦੀ ਫੌਜ (ਸੰਤ-ਸਿਪਾਹੀ) ਹੈ, ਜਿਸਦੀ ਜ਼ਿਮੇਂਦਾਰੀ ਨਾਮ-ਸਿਮਰਨ ਕਰਦਿਆਂ, ਅਨਿਆਇ ਤੇ ਅਤਿਆਚਾਰ ਵਿਰੁਧ ਜੂਝਣਾ ਅਤੇ ਇਨਸਾਫ ਤੇ ਗਰੀਬ-ਮਜ਼ਲੂਮ ਦੀ ਰਖਿਆ ਕਰਨਾ ਹੈ। ਉਹ ਕਿਸੇ ਦੁਨਿਆਵੀ ਸ਼ਕਤੀ ਦੇ ਸਾਹਮਣੇ ਨਹੀਂ, ਸਿਰਫ ਅਕਾਲ ਪੁਰਖ ਦੇ ਸਾਹਮਣੇ ਜਵਾਬਦੇਹ ਹੈ। ਉਸਨੇ ਆਪਣੇ ਆਪਨੂੰ, ਆਪਣੇ ਬਾਦਸ਼ਾਹ (ਅਕਾਲ ਪੁਰਖ) ਵਲੋਂ ਨਿਸ਼ਚਿਤ ਨਿਯਮਾਂ ਅਤੇ ਕਾਨੂੰਨਾਂ ਦੇ ਪਾਲਣ ਪ੍ਰਤੀ ਸਮਰਪਿਤ ਰਖਣਾ ਹੈ। ਪ੍ਰੰਤੂ ਅਜ ਦੇ ਕਹਿੰਦੇ-ਕਹਾਉਂਦੇ ਆਗੂਆਂ ਨੇ ਗੁਰੂ ਸਾਹਿਬ ਵਲੋਂ ਸਿਰਜੇ 'ਸੰਤ-ਸਿਪਾਹੀ' ਨੂੰ, ਖਾਲਸੇ ਦੀ ਪ੍ਰੀਭਾਸ਼ਾ ਦੇ ਬਿਲਕੁਲ ਹੀ ਉਲਟ, ਮਹਾਰਾਜੇ ਤੇ ਨਿਰੰਕੁਸ਼ ਸੱਤਾਧਾਰੀ ਦੇ ਰੂਪ ਵਿੱਚ ਪ੍ਰੀਭਾਸ਼ਤ ਕਰਨਾ ਸ਼ੁਰੂ ਕਰ ਦਿਤਾ ਹੈ।

ਧਾਰਮਕ ਸਮਾਗਮਾਂ ਦਾ ਰਾਜਸੀਕਰਣ: ਅਜਕਲ ਜਿਸਤਰ੍ਹਾਂ ਧਾਰਮਕ ਸਮਾਗਮਾਂ ਦੀ ਵਰਤੋਂ ਰਾਜਸੀ ਸੁਆਰਥ ਅਤੇ ਉਦੇਸ਼ਾਂ ਲਈ ਕੀਤੀ ਜਾਣੀ ਸ਼ੁਰੂ ਕਰ ਦਿਤੀ ਗਈ ਹੈ, ਉਸਦਾ ਵੀ ਸਿੱਖੀ ਪੁਰ ਮਾਰੂ ਅਸਰ ਪੈ ਰਿਹਾ ਹੈ। ਇਨ੍ਹਾਂ ਸਮਾਗਮਾਂ ਵਿੱਚ ਜਿਥੇ ਇੱਕ ਗੁਟ ਦੇ ਆਗੂ 'ਰਾਜ ਬਿਨਾ ਨਹਿਂ ਧਰਮ ਚਲੈ ਹੈਂ, ਧਰਮ ਬਿਨਾਂ ਸਭ ਦਲੈ ਮਲੈ ਹੈਂ' ਦੀ ਗਲ ਬਾਰ-ਬਾਰ ਦੁਹਰਾ, ਆਪਣੇ ਲਈ ਰਾਜ-ਸੱਤਾ ਦੀ ਮੰਗ ਕਰਦੇ ਹਨ, ਉਥੇ ਹੀ ਦੂਸਰੇ ਗੁਟ ਦੇ ਆਗੂ ਆਪਣੇ ਕਟੱੜਵਾਦੀ ਵਿਚਾਰਾਂ ਦਾ ਪ੍ਰਗਟਾਅ ਕਰ ਲੋਕਾਂ ਨੂੰ ਆਪਣੇ ਵਲ ਖਿਚਣ ਦਾ ਜਤਨ ਕਰਦੇ ਰਹਿੰਦੇ ਹਨ। ਫਰਕ ਸਿਰਫ ਇਤਨਾ ਹੈ ਕਿ ਇੱਕ ਗੁਟ ਦੇ ਆਗੂ ਖਾਲਿਸਤਾਨ ਦੇ ਨਾਂ ਤੇ ਆਪਣੇ ਲਈ ਰਾਜ-ਸੱਤਾ ਚਾਹੁੰਦੇ ਹਨ ਅਤੇ ਦੂਸਰੇ ਗੁਟ ਦੇ ਆਗੂ ਧਰਮ ਦੇ ਨਾਂ ਤੇ ਰਾਜ-ਸੱਤਾ ਪੁਰ ਕਾਬਜ਼ ਹੋਣਾ ਅਤੇ ਉਸ ਪੁਰ ਬਣੇ ਰਹਿਣਾ ਚਾਹੁੰਦੇ ਹਨ। ਇਹ ਗਲ ਕੋਈ ਸਮਝਣ ਲਈ ਤਿਆਰ ਨਹੀਂ ਕਿ ਰਾਜ-ਸੱਤਾ ਧਰਮ ਨੂੰ ਚਲਾਉਣ ਵਿੱਚ ਨਾ ਤਾਂ ਕਦੀ ਸਫਲ ਹੋਈ ਹੈ ਅਤੇ ਨਾ ਹੀ ਮਦਦਗਾਰ।

ਇਤਿਹਾਸ ਗੁਆਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਸਿੱਖਾਂ ਦੀ ਗਿਣਤੀ ਵਿੱਚ ਜੋ ਵਾਧਾ ਹੋਇਆ ਸੀ, ਉਸਦਾ ਕਾਰਣ ਲੋਕਾਂ ਵਿੱਚ ਸਿੱਖ ਧਰਮ ਪ੍ਰਤੀ ਸ਼ਰਧਾ ਭਾਵਨਾ ਹੋਣਾ ਨਹੀਂ, ਸਗੋਂ ਸੱਤਾ-ਸੁਖ ਪ੍ਰਾਪਤ ਕਰਨਾ ਸੀ। ਇਹੀ ਕਾਰਣ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸੂਰਜ ਦੇ ਡੁਬਣ ਦੀ ਦੇਰ ਸੀ, ਕਿ ਉਹ ਸਾਰੇ ਹੀ, ਜਿਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਸੱਤਾਕਾਲ ਦੌਰਾਨ ਸਿੱਖੀ ਸਰੂਪ ਧਾਰਣ ਕੀਤਾ ਸੀ, ਸਿੱਖੀ ਸਰੂਪ ਤਿਆਗ ਗਏ। ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬੀ ਸੂਬਾ ਬਣਨ ਪਿਛੋਂ ਕਈ ਵਾਰ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸੱਤਾ ਪੁਰ ਕਾਬਜ਼ ਹੋਇਆ। ਇਸ ਸਮੇਂ ਦੌਰਾਨ ਸਿੱਖੀ ਕਿਤਨੀ ਵੱਧੀ-ਫੁਲੀ? ਕੀ ਇਸਦਾ ਕਦੀ ਮੁਲਾਂਕਣ ਕੀਤਾ ਗਿਐ? ਸ਼ਾਇਦ ਅਜਿਹਾ ਮੁਲਾਂਕਣ ਨਾ ਤਾਂ ਕਦੀ ਕੀਤਾ ਗਿਆ ਹੈ ਅਤੇ ਨਾ ਹੀ ਕਦੀ ਕੀਤਾ ਜਾਇਗਾ। ਕਿਉਂਕਿ ਹਰ ਕੋਈ ਜਾਣਦਾ ਹੈ ਕਿ ਇਸਦਾ ਮੁਲਾਂਕਣ ਕਰਨ ਤੇ ਨਿਰਾਸ਼ਾ ਹੀ ਹੱਥ ਲਗੇਗੀ।

ਮੋਬਾ: +91 95 82 71 98 90

## ਹਲਕਾ ਫੁਲਕਾ

ਰਾਹੁਲ, "ਕੁੜੀਆਂ ਨੂੰ 'ਆਈ ਲਵ ਯੂ' ਕਹਿਣ ਦੀ ਸਭ ਤੋਂ ਚੰਗੀ ਜਗ੍ਹਾ ਕਿਹੜੀ ਹੈ?"
ਸੁਮਿਤ, "ਮੰਦਰ 'ਚ।"
ਰਾਹੁਲ, "ਕਿਉਂ?"
ਸੁਮਿਤ, "...ਕਿਉਂਕਿ ਕੁੜੀਆਂ ਨੇ ਉਥੇ ਚੱਪਲ ਨਹੀਂ ਪਾਈ ਹੁੰਦੀ।"

*********

ਯਾਤਰੀ (ਕੁਲੀ ਨੂੰ), "ਮੈਨੂੰ ਰੇਲ ਗੱਡੀ ਦੇ ਉਸ ਡੱਬੇ ਵਿੱਚ ਬਿਠਾਈਂ, ਜਿੱਥੇ ਗੱਲਾਂ ਕਰਨ ਵਾਲਾ ਕੋਈ ਨਾ ਹੋਵੇ, ਤਾਂ ਜੋ ਮੈਂ ਅਖਬਾਰ ਪੜ੍ਹ ਸਕਾਂ।"
ਕੁਲੀ, "ਤੁਸੀਂ ਫਿਕਰ ਨਾ ਕਰੋ ਜਨਾਬ, ਮੈਂ ਤੁਹਾਨੂੰ ਮਾਲ ਗੱਡੀ ਦੇ ਡੱਬੇ ਵਿੱਚ ਬਿਠਾਵਾਂਗਾ।"

*********

ਪਤੀ, "ਮੈਂ ਕਿਹਾ ਸੁਣਦੀ ਏਂ, ਮੇਰੀ ਮਾਂ ਆਈ ਹੈ।"
ਪਤਨੀ (ਵਿੱਚੋਂ ਹੀ ਟੋਕਦੀ ਹੋਈ), "ਲਓ ਫਿਰ ਆ ਗਈ, ਪਿਛਲੇ ਮਹੀਨੇ ਤਾਂ ਆਈ ਸੀ।? ਜਦੋਂ ਦੇਖੋ ਆ ਜਾਂਦੀ ਹੈ, ਇਸ ਵਾਰੀ ਕੀ ਕੰਮ ਹੈ?"
ਪਤੀ, "ਨਾਲ ਬਾਦਾਮ ਵੀ ਲਿਆਈ ਹੈ।"
ਪਤਨੀ, "ਤੁਸੀਂ ਵੀ ਨਾ, ਪਹਿਲਾਂ ਦੱਸਣਾ ਸੀ ਮਾਂ ਆਈ ਹੈ। ਵੱਡਿਆਂ-ਬਜ਼ੁਰਗਾਂ ਦਾ ਅਸ਼ੀਰਵਾਦ ਨਸੀਬ ਵਾਲਿਆਂ ਨੂੰ ਹੀ ਮਿਲਦਾ ਹੈ।"

*********

ਅਖਿਲ, "ਇੰਨਾ ਪ੍ਰੇਸ਼ਾਨ ਕਿਉਂ ਏਂ?"
ਸੁਮਿਤ, "ਕੱਲ੍ਹ ਅਖਬਾਰ ਵਿੱਚ ਆਇਆ ਸੀ ਕਿ ਇੱਕ ਰਿਕਸ਼ਾ ਚਲਾਉਣ ਵਾਲੇ ਦੀ ਬੇਟੀ ਨੇ ਗੋਲਡ ਮੈਡਲ ਜਿੱਤਿਆ ਹੈ। ਦੂਜੇ ਦੀ ਬੇਟੀ ਦੇ ਬੋਰਡ ਦੇ ਪੇਪਰਾਂ ਵਿੱਚ 99 ਫੀਸਦੀ ਨੰਬਰ ਆਏ ਹਨ।"
ਅਖਿਲ, "...ਤਾਂ ਇਸ ਵਿੱਚ ਪ੍ਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਹੈ?"
ਸੁਮਿਤ, "ਇਹ ਸਭ ਪੜ੍ਹ ਕੇ ਮੇਰੇ ਬੱਚੇ ਮੈਨੂੰ ਰਿਕਸ਼ਾ ਚਲਾਉਣ ਲਈ ਕਹਿ ਰਹੇ ਹਨ।"


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ

## ਕੰਵਲ ਦਾ ਸ਼ਾਹਕਾਰ ਨਾਵਲ ਪੂਰਨਮਾਸ਼ੀ-3



-ਪ੍ਰਿੰ. ਸਰਵਣ ਸਿੰਘ-

-ਲੜੀ ਜੋੜਨ ਲਈ ਪਿਛਲੇ ਅੰਕ ਦੇਖੋ-

ਨਾਵਲ 'ਪੂਰਨਮਾਸ਼ੀ' ਮੈਨੂੰ ਇਸ ਲਈ ਵੀ ਦਿਲਚਸਪ ਲੱਗਿਆ ਸੀ ਕਿ ਆਪਣੇ ਪਿੰਡ ਚਕਰ ਤੋਂ ਸੌ ਮੀਲ ਦੂਰ ਫਾਜ਼ਿਲਕਾ ਪੜ੍ਹਦਿਆਂ ਮੈਨੂੰ ਇਹਦੇ ਵਿਚੋਂ ਆਪਣੇ ਪਿੰਡ ਦੀ ਖੁਸ਼ਬੋ ਆ ਰਹੀ ਸੀ। ਹੁਣ ਤਕ ਮੈਂ ਸੈਂਕੜੇ ਕਿਤਾਬਾਂ ਪੜ੍ਹੀਆਂ ਹਨ। ਪਰ ਸੱਚ ਜਾਣੋ, ਜਿੰਨੀ ਸ਼ਿੱਦਤ ਨਾਲ ਮੈਂ ਪਹਿਲੀ ਵਾਰ 'ਪੂਰਨਮਾਸ਼ੀ' ਪੜ੍ਹੀ ਓਨੀ ਸ਼ਿੱਦਤ ਨਾਲ ਸ਼ਾਇਦ ਹੀ ਕੋਈ ਹੋਰ ਕਿਤਾਬ ਪੜ੍ਹੀ ਹੋਵੇ। ਜਿੰਨੀ ਕਿਤਾਬ ਮੈਂ ਕਾਲਜ ਦੇ ਬੈਂਚ 'ਤੇ ਬੈਠਾ ਪੜ੍ਹ ਸਕਦਾ ਸਾਂ ਪੜ੍ਹਦਾ ਰਿਹਾ ਤੇ ਬਾਕੀ ਤਿੰਨ ਮੀਲ ਦੂਰ ਪਿੰਡ ਕੋਠੇ ਨੂੰ ਜਾਂਦਾ, ਰਾਹ ਵਿਚ ਪੜ੍ਹਦਾ ਗਿਆ। ਆਖ਼ਰ ਉਦੋਂ ਸੁੱਤਾ ਜਦੋਂ 'ਪੂਰਨਮਾਸ਼ੀ' ਮੁੱਕ ਗਈ ਤੇ ਦਿਨ ਚੜ੍ਹ ਪਿਆ। ਮੈਂ ਅੱਜ ਵੀ ਮਹਿਸੂਸ ਕਰਦਾ ਹਾਂ ਕਿ ਕੰਵਲ ਦੀ ਸ਼ਾਹਕਾਰ ਰਚਨਾ 'ਪੂਰਨਮਾਸ਼ੀ' ਹੀ ਹੈ। ਇਸ ਵਿਚ ਉਸ ਨੇ ਪੰਜਾਬ ਦਾ ਪੇਂਡੂ ਜੀਵਨ ਤੇ ਮਾਲਵੇ ਦਾ ਸਭਿਆਚਾਰ ਕਮਾਲ ਦੀ ਕਲਾਕਾਰੀ ਨਾਲ ਪੇਸ਼ ਕੀਤਾ ਹੈ।

ਕਹਾਣੀ ਦਾ ਸਾਰ ਹੈ: ਨਵੇਂ ਪਿੰਡ ਦਾ ਬਣਦਾ ਫਬਦਾ ਜੁਆਨ ਰੂਪ ਆਪਣੇ ਨਾਨਕੇ ਪਿੰਡ ਦਾਤੇ ਨੂੰ ਤੁਰਿਆ ਜਾਂਦਾ ਹੈ। ਰਾਹ ਵਿਚ ਕਪੂਰੇ ਪਿੰਡ ਦੀਆਂ ਦੋ ਕੁੜੀਆਂ ਚੰਨੋ ਤੇ ਸ਼ਾਮੋ ਖੇਤ 'ਚ ਸਾਗ ਤੋੜਦੀਆਂ ਮਿਲਦੀਆਂ ਹਨ। ਰੂਪ ਤੇ ਚੰਨੋ ਦੀ ਨਜ਼ਰ ਵਾਰਸ ਦੀ ਹੀਰ ਤੇ ਰਾਂਝੇ ਵਾਂਗ ਮਿਲਦੀ ਹੈ ਤਾਂ ਹੀਰ ਹੱਸ ਕੇ ਤੇ ਮਿਹਰਬਾਨ ਹੋਈ ਵਾਂਗ ਉਨ੍ਹਾਂ ਦਾ ਪਹਿਲੀ ਨਜ਼ਰ ਦਾਪਿਆਰ ਪੈ ਜਾਂਦਾ ਹੈ। ਪਿਆਰ ਕਹਾਣੀ ਅੱਗੇ ਵਧਣ ਲੱਗਦੀ ਹੈ ਪਰ ਉਨ੍ਹਾਂ ਦਾ ਵਿਆਹ ਹੁੰਦਾ ਹੁੰਦਾ ਰਹਿ ਜਾਂਦਾ ਹੈ। ਚੰਨੋ ਦੀ ਸਹੇਲੀ ਸ਼ਾਮੋ ਪਿੰਡ ਦੇ ਸ਼ੁਕੀਨ ਮੁੰਡੇ ਦਿਆਲੇ ਨੂੰ ਪਿਆਰ ਕਰਦੀ ਹੈ। ਪੰਜਾਬੀ ਸਮਾਜ ਦੇ ਸਭਿਆਚਾਰਕ ਵਰਤਾਰੇ ਵਿਚ ਨਾ ਸ਼ਾਮੋ ਤੇ ਦਿਆਲੇ ਦਾ ਵਿਆਹ ਹੋ ਸਕਦਾ ਹੈ ਤੇ ਨਾ ਚੰਨੋ ਅਤੇ ਰੂਪ ਦਾ ਵਿਆਹ ਸਿਰੇ ਚੜ੍ਹਦਾ ਹੈ। ਮੁੱਖ ਕਹਾਣੀ ਚੰਨੋ ਤੇ ਰੂਪ ਦੇ ਪਿਆਰ ਦੀ ਹੈ। ਹਾਲਾਤ ਚੰਨੋ ਨੂੰ ਬੁੱਟਰ ਦੇ ਕਰਮੇ ਨਾਲ ਵਿਆਹ ਦਿੰਦੇ ਹਨ ਅਤੇ ਰੂਪ ਨੂੰ ਰਾਏਕੋਟ ਦੀ ਪ੍ਰਸਿੰਨੀ ਨਾਲ। ਰੂਪ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤੇ ਚੰਨੋ ਦੇ ਘਰ ਧੀ। ਰੂਪ ਤੇ ਚੰਨੋ ਆਪਣੇ ਅਧੂਰੇ ਪਿਆਰ ਨੂੰ ਆਪਣੇ ਬੱਚਿਆਂ ਦੇ ਆਪਸ ਵਿਚ ਵਿਆਹ ਕਰ ਕੇ ਪਰਵਾਨ ਚੜ੍ਹਾਉਂਦੇ ਹਨ। ਇੰਜ ਪਹਿਲੀ ਪੀੜ੍ਹੀ ਦਾ ਅਧੂਰਾ ਰਹਿ ਗਿਆ ਪਿਆਰ ਅਗਲੀ ਪੀੜ੍ਹੀ ਰਾਹੀਂ ਪੂਰ ਲਿਆ ਜਾਂਦਾ ਹੈ।

ਇਸ ਨਾਵਲ ਵਿਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਅਨੇਕਾਂ ਝਾਕੀਆਂ ਸਾਹ-ਮਣੇ ਆਉਂਦੀਆਂ ਹਨ। ਕਿਤੇ ਤ੍ਰਿੰਜਣ, ਕਿਤੇ ਮੇਲੇ, ਕਿਤੇ ਤੀਆਂ, ਕਿਤੇ ਖੇਡ ਮੁਕਾਬਲੇ, ਕਿਤੇ ਖਾਣ ਪੀਣ ਦੀਆਂ ਮਹਿਫ਼ਲਾਂ, ਕਿਤੇ ਸਾਕੇਦਾਰੀ, ਪ੍ਰਾਹੁਣਚਾਰੀ, ਸੱਥ ਚਰਚਾ, ਲੋਹੜੀ, ਕਿਤੇ ਡਾਕਾ, ਕਿਤੇ ਠਾਣੇ ਦੀ ਹਵਾਲਾਤ, ਕਿਤੇ ਅਮਲੀ ਦੇ ਟਾਂਗੇ ਦੀ ਸਵਾਰੀ, ਜੰਨਾਂ ਦਾ ਚੜ੍ਹਨਾ, ਜਾਗੋ ਕੱਢਣੀ, ਵਿਆਹਾਂ ਦੇ ਗੀਤ, ਜੰਨ ਬੰਨ੍ਹਣੀ ਤੇ ਛਡਾਉਣੀ, ਗਾਉਣ ਦੇ ਖਾੜੇ, ਗਵੰਤਰੀਆਂ ਦੀਆਂ ਢੱਡ ਸਾਰੰਗੀਆਂ, ਮੇਲਿਆਂ ਦੀਆਂ ਰੌਣਕਾਂ ਤੇ ਲੜਾਈਆਂ, ਡੱਬਾਂ 'ਚ ਪਿਸਤੌਲ, ਖੂੰਡੇ, ਦੁਨਾਲੀਆਂ, ਜ਼ਮੀਨ ਦੱਬਣ ਦੇ ਲਾਲਚ, ਪੰਚਾਂ ਦੇ ਪੱਖਪਾਤੀ ਫੈਸਲੇ, ਸ਼ਰੀਕੇ, ਭਾਨੀਆਂ, ਗਿਆਨੀ ਦਾ ਉਪਦੇਸ਼ ਤੇ ਕਿਤੇ ਕਿਤੇ ਇਨਕਲਾਬ ਦੀਆਂ ਗੱਲਾਂ। ਜਦਰੂਪ, ਜਗੀਰ, ਜੈਲੋ ਤੇ ਕਾਕੇ ਹੋਰੀਂ ਸੰਤੀ ਦੀ ਜ਼ਮੀਨ ਵਿਚ ਹਲ ਵਾਹੁੰਦੇ ਦਿਲ ਦੀਆਂ ਗੱਲਾਂ ਕਰਦੇ ਹਨ ਤਾਂ ਉਨ੍ਹਾਂ ਦੇ ਬੋਲੇ ਬੋਲ ਮੈਨੂੰ ਅੱਜ ਵੀ ਯਾਦ ਹਨ:

...ਹਲ ਵਗਦੇ ਰਹੇ ਅਤੇ ਹਲਾਂ ਅੱਗੇ ਬਰੂ ਦੀਆਂ ਲੰਮੀਆਂ ਜੜ੍ਹਾਂ ਤੇ ਖੱਬਲ ਦੀਆਂ ਧਰਤੀ 'ਤੇ ਵਿਛੀਆਂ ਤਿੜਾਂ ਟੁਟ ਟੁਟ ਜਾਂਦੀਆਂ। ਧਰਤੀ ਦੀਆਂ ਸੁੰਡੀਆਂ ਨੂੰ ਕਾਂ ਤੇ ਗੁਟਾਰਾਂ ਝਪਟਾਂ ਮਾਰ ਮਾਰ ਚੁੱਕ ਰਹੇ ਸਨ। ਕਾਕੇ ਨੂੰ ਜੈਲੋ ਨੂੰ ਛੇੜਨ ਦੇ ਬਹਾਨੇ ਨਾਲ ਆਖਿਆ, "ਜੈਲੋ! ਉਹ ਫਿਰ ਤਖਾਣਾਂ ਦੀ ਵਹੁਟੀ, ਲੌਂਗ 'ਤੇ ਸੰਧੂਰ ਭੁੱਕ ਕੇ ਰੰਨ ਮਾਰਦੀ ਛਪੜ 'ਤੇ ਗੇੜੇ, ਹੁਣ ਨ੍ਹੀਂ ਕਿਤੇ ਮਿਲੀ?"

"ਜਾਹ ਸਾਲਿਆ, ਓਦਣ ਜੁੱਤੀਆਂ ਈ ਪੁਆ ਦਿੱਤੀਆਂ ਸੀ। ਹਟ ਮਰ ਜੇਂਤੂੰ ਨਾਰਿਆ, ਪਾੜਾ ਛੱਡ ਗਿਆ ਏਂ।" ਜੈਲੋ ਰੱਸਾ ਖਿੱਚ ਨਾਰੇ ਬਲਦ ਨੂੰ ਘੂਰਨ ਲੱਗ ਪਿਆ।

"ਬਾਈ ਰੈਹਲ ਨੂੰ ਚੱਲੀਂ ਐਤਕੀਂ।" ਕਾਕੇ ਨੇ ਅੱਗੇ ਹਲ ਵਾਹੰਦੇ ਜਗੀਰ ਨੂੰ ਆਖਿਆ, "ਹਲਾ ਬਈ ਗੋਰਿਆ, ਜਿਉਣ ਜੋਗਿਆ। ਸ਼ਾਬਾਸ਼! ਤੇਰੀ ਮਾਂ ਜੀਵੇ ਕਰਮਾਂ ਵਾਲੀ। ਤੱਤਾ ਤੱਤਾ, ਸਦਕੇ।"

"ਤਖਾਣ ਕੁਹਾੜੇ ਨਾਲ ਖਲਪਾੜਾਂ ਕਰ ਦੇਣਗੇ, ਪਤਾ ਲੱਗ ਜੂ ਫੇਰ ਆਸ਼ਕੀ ਮਾਸੂਕੀ ਦਾ।" ਜਗੀਰ ਨੇ ਵੱਡੇ ਹੋਣ ਦੀ ਹੈਸੀਅਤ ਵਿਚ ਆਖਿਆ।

"ਅੱਜ ਤੈਨੂੰ ਮੈਂ ਬੁਲਾ ਕੇ ਵਖਾਊਂ। ਕੱਢ ਲਏ ਜਿਹੜੀਆਂ ਗਾਲ੍ਹਾਂ ਕੱਢਦੀ ਐ, ਗਾਲ੍ਹਾਂ ਨਾਲ ਕਿਹੜੀ ਬਾਂਹ ਭੱਜਣ ਲੱਗੀ ਆ? ਜਿੰਨਾ ਚਿਰ ਹੱਥ ਧੋ ਕੇ ਕਿਸੇ ਕੰਮ ਦੇ ਮਗਰ ਨਾ ਪਈਏ, ਕੰਮ ਬਣਦਾ ਈ ਨ੍ਹੀਂ।" ਕਾਕੇ ਨੇ ਰੋਹਬ ਨਾਲ ਜੈਲੋ ਨੂੰ ਆਖਿਆ।

"ਮੈਂ ਤਾਂ ਕੰਨਾਂ ਨੂੰ ਹੱਥ ਲਾ ਲਏ। ਸਾਲੀ ਸੂਈ ਕੁੱਤੀ ਅੰਗੂੰ ਪਈ ਮੈਨੂੰ ਤਾਂ।"

"ਊਂ ਤਖਾਣੀ ਲਾਲੜੀ ਵਰਗੀ ਪਈ ਐ ਕਿ ਨ੍ਹੀਂ।"

"ਆਪਾਂ ਨੂੰ ਕੀ ਭਾ। ਆਪਣੇ ਨਾਲੋਂ ਤਾਂ ਟੁੱਟੀ ਜਿਹੀ ਕੱਛ ਵਾਲਾ ਨੜਾ ਤਖਾਣ ਈ ਚੰਗਾ ਏ। ਆਪਾਂ ਜੱਟਾਂ ਦੇ ਕਾਹਨੂੰ ਜੰਮਣਾ ਸੀ, ਏਦੂੰ ਤਾਂ ਗੱਜਣ ਤਖਾਣ ਦੇ ਘਰ ਜੰਮਦੇ, ਵਿਆਹੇ ਤਾਂ ਜਾਂਦੇ।" ਕੁਦਰਤੀ ਜਜ਼ਬਾਤੀ ਖਿੱਚ ਉਨ੍ਹਾਂ ਨੂੰ ਜਾਤਾਂ ਦੇ ਹੱਦ-ਬੰਨੇ ਮਿਟਾ ਕੇ ਔਰਤ ਤਕ ਲੈ ਗਈ, ਜਿਸ ਨੂੰ ਉਨ੍ਹਾਂ ਦਾ ਅੰਦਰ-ਬਾਹਰ ਬੁਰੀ ਤਰ੍ਹਾਂ ਤਰਸ ਰਿਹਾ ਸੀ...।"

ਜੈਲੋ ਨੇ ਬੋਲੀ ਪਾਈ, "ਆਟਾ ਗੁੰਨ੍ਹਦੀ ਦੀ ਹਿਲਦੇ ਵਾਲੇ, ਤੁਰਦੀ ਦੀ ਮਛਲੀ ਹਿੱਲੇ।"

ਕਾਕੇ ਨੇ ਵਾਰੀ ਲਈ, "ਕੱਚੇ ਦੁੱਧ ਨੂੰ ਜਾਗ ਨਾ ਲਾਵਾਂ, ਝਾਕਾਂ ਯਾਰ ਦੀਆਂ...।"

"ਸਾਲਿਓ ਕਰਦੇ ਨੀ ਚੁੱਪ, ਕੋਈ ਰੋਟੀ ਵਾਲੀ ਆਉਂਦੀ ਹੋਊ।" ਜਗੀਰ ਨੇ ਪਿੰਡ ਵੱਲ ਤਕਦਿਆਂ ਕਿਹਾ।

"ਬਾਈ ਬੋਲੀਆਂ ਦਾ ਹੀ ਆਸਰਾ ਐ ਛੜਿਆਂ ਨੂੰ। ਲੈ ਨਹੀਂ ਪਾਉਂਦੇ, ਜੇ ਤੇਰੀ ਕਿਤੇ ਨੰਦੋ ਆਉਂਦੀ ਐ।" ਕਾਕੇ ਨੇ ਉੱਤਰ ਦਿੱਤਾ।

ਤ੍ਰਿੰਜਣ ਵਿਚ ਚਰਖਾ ਕੱਤਦੀਆਂ ਚੰਨੋ ਤੇ ਸ਼ਾਮੋ ਦਾ ਨਜ਼ਾਰਾ ਇੰਜ ਪੇਸ਼ ਕੀਤਾ ਹੈ: ਸੱਜੇ ਹੱਥ ਨਾਲ ਉਹ ਚਰਖੇ ਨੂੰ ਪੂਰਾ ਜ਼ੋਰ ਲਾ ਕੇ ਘੁਮਾ ਰਹੀਆਂ ਸਨ। ਚਰਮਖਾਂ ਦੇ ਆਸਰੇ ਖਲੋਤਾ ਤਕਲਾ ਮਸ਼ੀਨ ਦੇ ਧੁਰੇ ਵਾਂਗ ਘੁੰਮ ਰਿਹਾ ਸੀ। ਤੰਦ ਪਾਉਣ ਵੇਲੇ ਰਤਾ ਕੁ ਅਟਕਦ-ਅਤੇ ਮੁੜ ਆਪਣੀ ਰਫ਼ਤਾਰ ਫੜ ਲੈਂਦਾ। ਮੁਟਿਆਰਾਂ ਦੀਆਂ ਬਾਹਾਂ ਲਗਰਾਂ ਵਾਂਗ ਲਿਫ ਲਿਫ ਤੰਦ ਪਾਉਂਦੀਆਂ ਤੇ ਉੱਚੀਆਂ ਉਠਦੀਆਂ। ਚਿਹਰੇ ਦੇਖਣ ਤੋਂ ਸ਼ਾਮੋ ਦੇ ਬੱਗੇ ਬੱਗੇ ਰੰਗ ਵਿਚ ਲੁਕੀ ਸ਼ੋਖੀ ਦਾ ਪਤਾ ਲੱਗਦਾ ਸੀ। ਪਰ ਚੰਨੋ ਦਾ ਮੂੰਹ ਸਾਊਪੁਣੇ ਵਿਚ ਮਿੱਠਾ ਹੁਸਨ ਬਣਿਆ ਹੋਇਆ ਸੀ। ਕੱਤਦੀ ਸ਼ਾਮੋ ਨੂੰ ਗਲੀ ਵਿਚ ਦੀ ਲੰਘਦੇ ਆਦਮੀ ਚੰਗੀ ਤਰ੍ਹਾਂ ਦਿਸਦੇ ਸਨ। ਛੋਪ ਵੱਲ ਦੇਖ ਕੇ ਉਹ ਗਲੀ ਵਿਚ ਝਾਤ ਮਾਰਦੀ। ਇਉਂ ਪਰਤੀਤ ਹੁੰਦਾ ਸੀ ਜਿਵੇਂ ਕਿਸੇ ਗੁੱਝੀ ਉਡੀਕ ਨੇ ਉਸ ਨੂੰ ਬੇਕਰਾਰ ਕਰ ਦਿੱਤਾ ਸੀ। ਰਹਿ ਰਹਿ ਕੇ ਉਸ ਦੇ ਗੋਰੇ ਰੰਗ ਵਿਚ ਚਿਣਗਾਂ ਫੁੱਟ ਰਹੀਆਂ ਸਨ। ਉਹ ਬਾਰ ਬਾਰ ਗਲੀ ਨੂੰ ਤੱਕ ਰਹੀ ਸੀ।




ਮੇਲੇ ਮੁਸਾਹਬੇ ਜਾਂਦਿਆਂ ਬੋਤੇ ਦੀ ਸਵਾਰੀ ਦਾ ਟੌਅ੍ਹਰ: ਰੂਪ ਨੇ ਬੀਹੀ ਵਿਚ ਬੋਤਾ ਕੱਢਿਆ ਅਤੇ ਉਸ ਨੂੰ 'ਇੱਛ ਇੱਛ' ਆਖ ਬਹਾਇਆ। ਪਾਟੇ ਦੋੜੇ ਨਾਲ ਉਸ ਨੇ ਸਾਰੇ ਨੂੰ ਝਾੜਿਆ ਅਤੇ ਫਿਰ ਪਤਲਾ ਛੀਂਟ ਦਾ ਝੁੱਲ ਸੁੱਟਿਆ। ਛੀਂਟ ਦੇ ਹਰੇ ਨੀਲੇ ਝੁੱਲ 'ਤੇ ਲਾਲ ਗੱਦੀਆਂ ਫੱਬ ਗਈਆਂ। ਸੂੰਡਕੇ ਵਿਚ ਅੜੀਆਂ ਗੱਦੀਆਂ ਨੂੰ ਫਰਾਕੀ ਨੇ ਕੱਸ ਦਿੱਤਾ। ਨਵੀਂ ਮੁਹਾਰ ਅਤੇ ਗਲ ਬਾਰੀਕ ਘੁੰਗਰੂਆਂ ਦੀ ਕੈਂਠੀ ਨੇ ਬੋਤੇ ਦੀ ਜਵਾਨੀ ਨੂੰ ਸ਼ਿੰਗਾਰ ਦਿੱਤਾ। ਰੂਪ ਨੇ ਨੀਵੀਂ ਕਮੀਜ਼ ਨਾਲ ਸੂਫ ਦਾ ਚਾਦਰਾ ਬੰਨ੍ਹਿਆ ਹੋਇਆ ਸੀ, ਜਿਹੜਾ ਤੁਰਦਿਆਂ ਜਵਾਨੀ ਦਾ ਸ਼ੋਰ ਪੈਦਾ ਕਰਦਾ ਸੀ। ਉਸ ਦੀ ਅੰਗੂਰੀ ਰੰਗ ਦੀ ਟੇਢੀ ਪੱਗ ਬਹਾਰ ਦੇ ਸੱਜਰੇ ਸੁਨੇਹੇ ਵਿਚ ਹੱਸ ਰਹੀ ਸੀ। ਜਗੀਰ ਦਾ ਲਾਜਵਰੀ ਪੂੰਝਾ ਰੋਕ ਰੋਕ ਰੱਖਿਆਂ ਵੀ ਡਿੱਗ ਡਿੱਗ ਪੈਂਦਾ ਸੀ। ਦੋਹਾਂ ਨੇ ਬੋਤੇ 'ਤੇ ਚੜ੍ਹਨ ਲਈ ਚਾਦਰਿਆਂ ਦੇ ਲਾਂਗੜ ਮਾਰ ਲਏ। ਪੱਟਾਂ ਕੋਲੋਂ ਉਨ੍ਹਾਂ ਦੇ ਚਾਦਰਿਆਂ ਵਿਚ ਲਹਿਰਾਂ ਜਿਹੀਆਂ ਬਣ ਗਈਆਂ, ਜਿਵੇਂ ਹਿਰਦੇ ਵਿਚ ਮਚਲਦੇ ਅਰਮਾਨ ਇਕ ਦੂਜੇ ਦੇ ਗਲ ਬਾਹਾਂ ਪਾਉਂਦੇ ਹਨ। ਜਵਾਨੀ ਦੇ ਨਾਜ਼ ਅੱਜੀਂ-ਪੱਜੀਂ ਕੁਦਰਤ ਦੀ ਹਿੱਕ ਵਿਚ ਕੁਤ-ਕਤਾਰੀਆਂ ਕੱਢ ਰਹੇ ਸਨ...।

ਬੋਤਾ ਪਿੰਡ ਦੀ ਫਿਰਨੀ ਪੈ ਗਿਆ। ਨਿਆਈਂ ਵਾਲੇ ਖੂਹ ਤੋਂ ਮੋੜ ਮੁੜਦਿਆਂ ਰੂਪ ਨੇ ਬਚਨੋ ਨੂੰ ਵਾੜੇ ਵਿਚ ਖੜ੍ਹੀ ਨੂੰ ਤੱਕਿਆ। ਜਗੀਰ ਨੇ ਰੂਪ ਦੀ ਵੱਖੀ ਵਿਚ ਚੂੰਢੀ ਭਰੀ। ਓਧਰ ਬਚਨੋ ਸੈਨਤ ਵਿਚ ਦੀ ਆਪਣੇ ਗੁੱਟ ਨੂੰ ਹੱਥ ਲਾ ਗਈ:

ਜਾਵੀਂ ਮੇਲੇ 'ਤੇ ਲਿਆ ਦੀਂ ਪਹੁੰਚੀ, ਲੈ ਜਾ ਮੇਰਾ ਗੁੱਟ ਮਿਣ ਕੇ। (ਚਲਦਾ)

# ਲੱਖਾਂ ਲੋਕਾਂ ਨੂੰ ਘਰਾਂ ਵਿੱਚ ਬੰਦ ਕਰ ਕੇ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਨਹੀਂ ਕੀਤਾ ਜਾ ਸਕਦਾ

-ਯੋਗੇਂਦਰ ਯਾਦਵ-

"ਜਦੋਂ ਤੱਕ ਦਿਲ ਅਤੇ ਦਿਮਾਗ ਵਿੱਚੋਂ ਕੋਈ ਇੱਕ ਵੀ ਬਾਕੀ ਹੈ, ਉਦੋਂ ਤੱਕ ਮੈਂ ਇਸ ਕਦਮ ਦਾ ਸਮਰਥਨ ਨਹੀਂ ਕਰ ਸਕਦਾ।" ਗੱਲ ਕਸ਼ਮੀਰ ਦੀ ਹੋ ਰਹੀ ਸੀ। ਗੱਲ ਇੱਕ ਨੌਜਵਾਨ ਨਾਲ ਹੋ ਰਹੀ ਸੀ। ਗੱਲ ਇਸ ਲਈ ਜ਼ਰੂਰੀ ਸੀ ਕਿ ਉਹ ਮੇਰੇ ਬਿਆਨ ਤੋਂ ਬਹੁਤ ਦੁਖੀ ਸੀ। ਗਾਲੀ-ਗਲੋਚ ਦੀ ਜਗ੍ਹਾ ਗੱਲ ਇਸ ਲਈ ਸੰਭਵ ਸੀ ਕਿ ਉਹ ਮੇਰੀ ਇੱਜ਼ਤ ਕਰਦਾ ਸੀ, ਪਰ ਕਸ਼ਮੀਰ ਵਿੱਚ ਮੈਂ 370 ਨੂੰ ਖਤਮ ਕਰਨ ਅਤੇ ਜੰਮੂ ਕਸ਼ਮੀਰ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਫੈਸਲੇ 'ਤੇ ਮੇਰੇ ਵਿਰੋਧ ਤੋਂ ਬਹੁਤ ਹੈਰਾਨ ਸੀ। ਉਸ ਗੱਲਬਾਤ ਦੌਰਾਨ ਇਹ ਤਿੱਖਾ ਵਾਕ ਬੋਲਣ 'ਤੇ ਮਜਬੂਰ ਹੋਇਆ।

"ਕਮਾਲ ਹੈ ਭਾਈ ਸਾਹਿਬ, ਹਰ ਗੱਲ ਲਈ ਮੋਦੀ ਜੀ ਨੂੰ ਦੋਸ਼ ਦੇਣਾ ਤਾਂ ਠੀਕ ਨਹੀਂ ਹੈ।"

ਮੈਂ ਸਹਿਮਤੀ ਜਤਾਈ, "ਕਸ਼ਮੀਰ ਸਮੱਸਿਆ ਮੋਦੀ ਜੀ ਜਾਂ ਬੀ ਜੇ ਪੀ ਦੀ ਬਣਾਈ ਹੋਈ ਨਹੀਂ। ਜੇ ਪਹਿਲਾਂ ਦੋਸ਼ ਦੇਣਾ ਹੋਵੇ ਤਾਂ ਕਾਂਗਰਸ ਨੂੰ ਦੇਣਾ ਹੋਵੇਗਾ, ਜਿਸ ਨੂੰ ਇਸ ਸਮੱਸਿਆ ਨੂੰ ਉਲਝਣ ਦਿੱਤਾ, ਜਿਸ ਨੇ ਜੰਮੂ ਕਸ਼ਮੀਰ 'ਚ ਵਾਰ ਵਾਰ ਪਿੱਠੂ ਸਰਕਾਰਾਂ ਬਣਵਾਈਆਂ। ਦੋਸ਼ ਰਾਜੀਵ ਗਾਂਧੀ ਨੂੰ ਦੇਣਾ ਚਾਹੀਦਾ ਹੈ, ਜਿਨ੍ਹਾਂ ਨੇ 1987 'ਚ ਚੋਣਾਂ ਦੇ ਨਾਂਅ 'ਤੇ ਕਸ਼ਮੀਰ ਦੀ ਜਨਤਾ ਨਾਲ ਧੋਖਾ ਕੀਤਾ। ਦੋਸ਼ ਮਨਮੋਹਨ ਸਿੰਘ ਦੀ ਸਰਕਾਰ ਨੂੰ ਦੇਣਾ ਚਾਹੀਦਾ, ਜਿਨ੍ਹਾਂ ਨੇ ਅਟਲ ਬਿਹਾਰੀ ਵਾਜਪਾਈ ਦੇ ਰਾਜ ਵਿੱਚ ਸ਼ੁਰੂ ਕੀਤੀ ਚੰਗੀ ਪਹਿਲ ਦਾ ਸਤਿਆਨਾਸ ਕਰ ਦਿੱਤਾ। ਦੋਸ਼ ਫਾਰੂਕ ਅਬਦੁੱਲਾ ਅਤੇ ਮੁਫਤੀ ਮੁਹੰਮਦ ਸਈਦ ਵਰਗੇ ਨੇਤਾਵਾਂ ਨੂੰ ਦੇਣਾ ਚਾਹੀਦਾ ਹੈ, ਜਿਨ੍ਹਾਂ ਨੇ ਕਸ਼ਮੀਰੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਕੇ ਸਿਆਸੀ ਦੁਕਾਨਦਾਰੀ ਕੀਤੀ।"

ਫਿਰ ਉਹ ਸਹਿਜ ਹੋਇਆ, "ਸਹੀ ਕਿਹਾ ਤੁਸੀਂ! ਫਿਰ ਤੁਹਾਨੂੰ ਸਰਕਾਰ ਦੇ ਇਸ ਕਦਮ ਦਾ ਸਮਰਥਨ ਕਰਨਾ ਚਾਹੀਦਾ ਹੈ। ਪੂਰਾ ਦੇਸ਼ ਇਸ ਫੈਸਲੇ ਦਾ ਸਵਾਗਤ ਕਰ ਰਿਹਾ ਹੈ, ਪਰ ਤੁਸੀਂ ਵਿਰੋਧ ਕਿਉਂ ਕਰ ਰਹੇ ਹੋ?"

ਮੇਰਾ ਜਵਾਬ ਸੀ, "ਇਸ 'ਚ ਕੋਈ ਸ਼ੱਕ ਨਹੀਂ ਕਿ ਅੱਜ ਦੇਸ਼ ਦਾ ਜਨਮਤ ਸਰਕਾਰ ਦੇ ਇਸ ਫੈਸਲੇ ਨਾਲ ਖੜ੍ਹਾ ਹੈ, ਪਰ ਸਵਾਲ ਇਹ ਹੈ ਕਿ ਇਸ ਫੈਸਲੇ ਨਾਲ ਪੁਰਾਣੀਆਂ ਸਰਕਾਰਾਂ ਵੱਲੋਂ ਬਣਾਈ ਇਹ ਸਮੱਸਿਆ ਪਹਿਲਾਂ ਤੋਂ ਵੱਧ ਉਲਝੇਗੀ ਜਾਂ ਸੁਲਝੇਗੀ? ਜੇ ਸਾਡੀ ਚਿੰਤਾ ਸਿਰਫ ਲੋਕਪ੍ਰਿਅਤਾ ਅਤੇ ਵੋਟਾਂ ਦੀ ਨਹੀਂ, ਰਾਸ਼ਟਰਹਿੱਤ ਦੀ ਹੈ ਤਾਂ ਸਾਨੂੰ ਕਈ ਵਾਰ ਜਨਮਤ ਦੇ ਵਿਰੁੱਧ ਵੀ ਖੜ੍ਹਾ ਹੋਣਾ ਪਵੇਗਾ। ਸੱਚੇ ਦੇਸ਼ਭਗਤ ਦਾ ਧਰਮ ਹੈ ਕਿ ਉਹ ਦੇਸ਼ਵਾਸੀਆਂ ਨੂੰ ਅਜਿਹੇ ਵੱਡੇ ਫੈਸਲੇ ਦਾ ਅੱਗਾ-ਪਿੱਛਾ ਸਮਝਾਏ, ਇਹ ਸੋਚੇ ਕਿ ਇਸ ਫੈਸਲੇ ਦਾ ਅਗਲੇ 10 ਸਾਲ ਜਾਂ 100 ਸਾਲ ਤੱਕ ਕੀ ਅਸਰ ਹੋਵ-ੇਗਾ, ਜੇ ਇਸ ਲਈ ਚਾਰ ਗਾਲ੍ਹਾਂ ਵੀ ਸੁਣਨੀਆਂ ਪੈਣ ਤਾਂ ਸਿਰ ਝੁਕਾ ਕੇ ਉਸ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।"

"ਪੂਰੇ ਦੇਸ਼ ਨੇ ਮੋਦੀ ਜੀ ਨੂੰ ਵੋਟ ਦਿੱਤੀ ਹੈ, ਕੀ ਉਨ੍ਹਾਂ ਦਾ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਮੈਨੀਫੈਸਟੋ ਦੇ ਹਿਸਾਬ ਨਾਲ ਇਹ ਵੱਡਾ ਫੈਸਲਾ ਲੈ ਸਕੇ? ਇਸ 'ਚ ਗੈਰ ਸੰਵਿਧਾਨਕ ਕੀ ਹੈ?"

ਮੈਂ ਵਕੀਲਾਂ ਵਾਲੀ ਬਹਿਸ ਵਿੱਚ ਜ਼ਿਆਦਾ ਉਲਝਣਾ ਨਹੀਂ ਚਾਹੁੰਦਾ ਸੀ, ਇਸ ਲਈ ਮੈਂ ਛੋਟਾ ਜਿਹਾ ਜਵਾਬ ਦਿੱਤਾ : "ਚੁਣੀ ਹੋਈ ਸਰਕਾਰ ਨੂੰ ਆਪਣੀ ਸਮਝ ਦੇ ਹਿਸਾਬ ਨਾਲ ਫੈਸਲੇ ਲੈਣ ਦਾ ਅਧਿਕਾਰ ਹੈ, ਪਰ ਸੰਵਿਧਾਨ ਦੇ ਘੇਰੇ ਤੋਂ ਬਾਹਰ ਜਾ ਕੇ ਨਹੀਂ। ਸਾਡਾ ਸੰਵਿਧਾਨ ਸਾਫ ਕਹਿੰਦਾ ਹੈ ਕਿ 370 'ਚ ਬਦਲਾਅ ਕਰਨ ਨਾਲ ਪਹਿਲਾਂ ਜੰਮੂ ਅਤੇ ਕਸ਼ਮੀਰ ਦੀ ਸੰਵਿਧਾਨ ਸਭਾ ਦੀ ਸਿਫਾਰਸ਼ ਜ਼ਰੂਰੀ ਹੈ। ਕਿਸੇ ਸੂਬੇ ਦੀ ਹੱਦ ਜਾਂ ਉਸ ਦਾ ਦਰਜਾ ਬਦਲਣ ਤੋਂ ਪਹਿਲਾਂ ਉਥੋਂ ਦੀ ਵਿਧਾਨ ਸਭਾ ਵਿੱਚ ਚਰਚਾ ਜ਼ਰੂਰੀ ਹੈ। ਇਹ ਦੋਵੇਂ ਗੱਲਾਂ ਨਹੀਂ ਹੋਈਆਂ। ਇਸ ਲਈ ਸਰਕਾਰ ਦਾ ਕਦਮ ਸੰਵਿਧਾਨ ਸੰਮਤ ਨਹੀਂ, ਪਰ ਇਹ ਫੈਸਲਾ ਸੁਪਰੀਮ ਕੋਰਟ ਨੇ ਕਰਨਾ ਹੈ। ਮੇਰਾ ਇਤਰਾਜ਼ ਸਿਰਫ ਕਾਨੂੰਨੀ ਅਤੇ ਸੰਵਿਧਾਨਕ ਨਹੀਂ ਹੈ।"

"ਫਿਰ ਤੁਹਾਡੇ ਇਤਰਾਜ਼ ਦਾ ਅਸਲੀ ਕਾਰਨ ਕੀ ਹੈ?"

ਮੈਂ ਆਪਣੀ ਗੱਲ ਸਮਝਾਈ : "ਮੇਰੀ ਅਸਲੀ ਚਿੰਤਾ ਇਹ ਹੈ ਕਿ ਸਰਕਾਰ ਦਾ ਫੈਸਲਾ ਸਾਡੇ ਦੇਸ਼ ਦੀ ਵਿਰਾਸਤ, ਸਾਡੇ ਲੋਕਤੰਤਰ ਦੀ ਭਾਵਨਾ ਤੇ ਰਾਸ਼ਟਰ ਨਿਰਮਾਣ ਦੀ ਸਮਝ ਦੇ ਵਿਰੁੱਧ ਹੈ। ਜੇ ਸਰਦਾਰ ਪਟੇਲ ਨੇ 370 ਦੇ ਫਾਰਮੂਲੇ ਨੂੰ ਬਣਾਇਆ ਸੀ ਤਾਂ ਇਸ ਲਈ ਨਹੀਂ ਕਿ ਉਨ੍ਹਾਂ ਦੇ ਮਨ ਵਿੱਚ ਕੋਈ ਕਮਜ਼ੋਰੀ ਸੀ। ਜੇ ਨਾਰ-ਾਇਣ ਜੀ ਨੇ ਕਸ਼ਮੀਰ 'ਚ ਜੋ ਜ਼ਬਰਦਸਤੀ ਦੀ ਥਾਂ ਸ਼ਾਂਤੀ ਅਤੇ ਗੱਲਬਾਤ ਦਾ ਰਸਤਾ ਸੁਝਾਇਆ ਸੀ ਤਾਂ ਇਸ ਲਈ ਨਹੀਂ ਕਿ ਉਨ੍ਹਾਂ ਦਾ ਦੇਸ਼ ਪ੍ਰੇਮ ਕਮਜ਼ੋਰ ਸੀ। ਜੇ ਇੱਕ ਜ਼ਮਾਨੇ 'ਚ 370 ਵਿਰੁੱਧ ਬੋਲਣ ਵਾਲੇ ਅਟਲ ਬਿਹਾਰੀ ਵਾਜਪਾਈ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਨਸਾਨੀਅਤ, ਜਮਹੂਰੀਅਤ ਅਤੇ ਕਸ਼ਮੀਰੀਅਤ ਦੀ ਗੱਲ ਕੀਤੀ ਤਾਂ ਇਸ ਲਈ ਨਹੀਂ ਕਿ ਉਨ੍ਹਾਂ ਦੀ ਸਮਝ ਕਮਜ਼ੋਰ ਸੀ। ਇਨ੍ਹਾਂ ਸਾਰੇ ਰਾਸ਼ਟਰ ਨਿਰਮਾਤਾਵਾਂ ਦੀ ਇਹ ਸਮਝ ਸੀ ਕਿ ਕਸ਼ਮੀਰ ਨੂੰ ਭਾਰਤ ਦੇ ਨਾਲ ਭਾਵਨਾਤਮਕ ਤੌਰ 'ਤੇ ਜੋੜਨਾ ਹੋਵੇਗਾ ਅਤੇ ਉਸ ਦੇ ਲਈ ਲਾਠੀ, ਗੋਲੀ ਨਾਲ ਕੰਮ ਨਹੀਂ ਚੱਲੇਗਾ। ਉਨ੍ਹਾਂ ਨੂੰ ਅਹਿਸਾਸ ਸੀ ਕਿ ਕਸ਼ਮੀਰ ਦੀ ਜਨਤਾ ਅਤੇ ਬਾਕੀ ਭਾਰਤ ਦੀ ਜਨਤਾ ਦੇ ਮਨ ਵਿੱਚ ਇੱਕ ਖੱਡ ਹੈ। ਉਹ ਜਾਣਦੇ ਸਨ ਕਿ ਧਾਰਾ 370 ਇਸ ਖੱਡ ਦੇ ਆਰ ਪਾਰ ਖੜ੍ਹਏ ਭਾਰਤ ਦੇ ਨਾਗਰਿਕਾਂ ਨੂੰ ਜੋੜਨ ਦਾ ਇੱਕ ਪੁਲ ਹੈ। ਉਹ ਸਮਝਦੇ ਸਨ ਕਿ ਇਸ ਖੱਡ ਦੀ ਪੂਰਤੀ ਬਿਨਾਂ ਪੁਲ ਨੂੰ ਤੋੜ ਦੇਣਾ ਰਾਸ਼ਟਰਹਿੱਤ 'ਚ ਨਹੀਂ ਹੈ।"

"ਤੁਸੀਂ ਨਹੀਂ ਮੰਨਦੇ ਕਿ 370 ਖਤਮ ਕਰਨ ਨਾਲ ਕਸ਼ਮੀਰ ਅਤੇ ਬਾਕੀ ਭਾਰਤ ਦਾ ਏਕੀਕਰਨ ਹੋਵੇਗਾ?"

ਮੈਂ ਉਨ੍ਹਾਂ ਦਾ ਹੱਥ ਫੜਿਆ ਅਤੇ ਕਿਹਾ, "ਦੇਖੋ, ਕਸ਼ਮੀਰ ਅਤੇ ਬਾਕੀ ਭਾਰਤ ਦਾ ਏਕੀਕਰਨ ਹੋ ਜਾਵੇ ਤਾਂ ਇਸ ਤੋਂ ਖੂਬਸੂਰਤ ਹੋਰ ਕੀ ਹੋਵੇਗਾ? ਜੇ ਧਾਰਾ 370 ਖਤਮ ਕਰਨ ਨਾਲ ਇਹ ਏਕੀਕਰਨ ਹੋ ਜਾਵੇ ਤਾਂ ਮੈਂ ਖੁਸ਼ੀ ਨਾਲ ਉਸ ਦਾ ਸਮਰਥਨ ਕਰਾਂਗਾ। ਮੈਂ ਕਸ਼ਮੀਰ ਨੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਦਾ ਹਾਂ। ਇਸੇ ਲਈ ਸਰਕਾਰ ਦੇ ਫੈਸਲੇ ਦਾ ਵਿਰੋਧ ਕਰ ਰਿਹਾ ਹਾਂ। ਇਸ ਫੈਸਲੇ ਨਾਲ ਕਸ਼ਮੀਰ ਦੀ ਜਨਤਾ ਤੇ ਬਾਕੀ ਭਾਰਤ ਵਿਚਾਲੇ ਕੋਈ ਖੱਡ ਖਤਮ ਹੋਣ ਦੀ ਥਾਂ ਹੋਰ ਵਧ ਜਾਵੇਗੀ। ਕਸ਼ਮੀਰੀ ਵੱਖਵਾਦੀਆਂ ਅਤੇ ਪਾਕਿ-ਸਤਾਨ ਹਮਾਇਤੀ ਅੱਤਵਾਦੀਆਂ ਨੂੰ ਇਸ ਫੈਸਲੇ ਨਾਲ ਬਹੁਤ ਖੁਸ਼ੀ ਹੋਵੇਗੀ ਕਿਉਂਕਿ ਉਨ੍ਹਾਂ ਦਾ ਧੰਦਾ ਪਹਿਲਾਂ ਨਾਲੋਂ ਵੱਧ ਚੱਲੇਗਾ। ਉਹ ਚਾਹੁੰਦੇ ਸਨ ਕਿ ਭਾਰਤ ਸਰਕਾਰ ਕੁਝ ਅਜਿਹਾ ਕਰੇ, ਜਿਸ ਨਾਲ ਕਸ਼ਮੀਰ ਦੀ ਜਨਤਾ ਦੇ ਮਨ 'ਚ ਭਾਰਤ ਪ੍ਰਤੀ ਗੁੱਸਾ ਹੋਰ ਵਧੇ, ਬੱਚਾ ਬੱਚਾ ਭਾਰਤ ਵਿਰੋਧੀ ਨਾਅਰੇ ਲਾਏ।

ਅਜੇ ਤਾਂ ਕਸ਼ਮੀਰ ਦੀ ਜਨਤਾ ਦੀ ਪ੍ਰਤੀਕਿਰਿਆ ਸਾਨੂੰ ਮੀਡੀਆ 'ਚ ਨਹੀਂ ਦਿਸ ਰਹੀ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਫੈਸਲਾ ਅਤੇ ਇਸ ਨੂੰ ਲੈਣ ਦਾ ਤਰੀਕਾ ਇੱਕ ਔਸਤ ਕਸ਼ਮੀਰੀ ਦੇ ਮਨ 'ਚ ਅਪਮਾਨ ਬੋਧ ਪੈਦਾ ਕਰੇਗਾ, ਪਿਛਲੇ ਸੱਤਰ ਸਾਲਾਂ ਤੋਂ ਘਾਟੀ 'ਚ ਤਿਰੰਗਾ ਚੁੱਕਣ ਵਾਲਿਆਂ ਦਾ ਮੂੰਹ ਬੰਦ ਕਰ ਦੇਵੇਗਾ ਅਤੇ ਭਾਰਤ ਤੋਂ ਆਜ਼ਾਦੀ ਜਾਂ ਪਾਕਿਸਤਾਨ ਨਾਲ ਰਲੇਵੇਂ ਦੀ ਗੱਲ ਕਰਨ ਵਾਲਿਆਂ ਦੀ ਆਵਾਜ਼ ਪਹਿਲਾਂ ਨਾਲੋਂ ਜ਼ਿਆਦਾ ਸੁਣੀ ਜਾਵੇਗੀ।"

"ਇਹ ਆਪ ਨੇ ਦਿਮਾਗ ਦੀ ਗੱਲ ਕਹੀ। ਦਿਲ ਦੀ ਕੀ ਗੱਲ ਹੈ, ਜਿਸ ਦਾ ਤੁਸੀਂ ਸ਼ੁਰੂ ਵਿੱਚ ਜ਼ਿਕਰ ਕੀਤਾ?"

"ਪਤਾ ਨਹੀਂ ਅੱਜ ਦੇ ਮਾਹੌਲ 'ਚ ਕੌਣ ਦਿਲ ਦੀ ਗੱਲ ਸੁਣਨਾ ਚਾਹੇਗਾ, ਪਰ ਸੱਚ ਕਹਾਂ ਤਾਂ ਮੇਰਾ ਮਨ ਇਸ ਦੀ ਗਵਾਹੀ ਨਹੀਂ ਦਿੰਦਾ ਕਿ ਅਸੀਂ ਲੱਖਾਂ ਲੋਕਾਂ ਨੂੰ ਆਪਣੇ ਘਰਾਂ ਵਿੱਚ ਬੰਦ ਕਰ ਕੇ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਕਰੀਏ ਤੇ ਫਿਰ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਵੀ ਦੱਸੀਏ। ਜੇ ਅਸੀਂ ਕਦੇ ਕਸ਼ਮੀਰ 'ਚ ਉਹ ਕਰੀਏ, ਜੋ ਇਸਰਾਈਲ ਫਲਸਤੀਨੀਆ ਨਾਲ ਕਰਦਾ ਹੈ, ਜੋ ਇੰਗਲੈਂਡ ਨੇ ਆਇਰਲੈਂਡ 'ਚ ਕੀਤਾ, ਪਰ ਉਸ ਸਥਿਤੀ ਵਿੱਚ ਮੈਂ ਸਿਰ ਚੁੱਕ ਕੇ ਨਹੀਂ ਕਹਿ ਸਕਾਂਗਾ ਕਿ ਮੈਨੂੰ ਭਾਰਤੀ ਹੋਣ 'ਤੇ ਮਾਣ ਹੈ। ਇਸ ਲਈ ਮੇਰਾ ਧਰਮ ਹੈ ਕਿ ਅਜਿਹਾ ਹੋਣ ਤੋਂ ਪਹਿਲਾਂ ਮੈਂ ਦੇਸ਼ਵਾਸੀਆਂ ਨੂੰ ਚੌਕਸ ਕਰਾਂ। ਭਾਵੇਂ ਤੁਹਾਡੇ ਵਰਗੇ ਕੁਝ ਸਾਥੀ ਕੁਝ ਸਮੇਂ ਲਈ ਨਾਰਾਜ਼ ਹੀ ਹੋ ਜਾਣ।" ਮੇਰੇ ਨੌਜਵਾਨ ਸਾਥੀ ਦੀ ਨਾਰਾਜ਼ਗੀ ਕੁਝ ਘੱਟ ਹੋ ਗਈ ਸੀ।






## ਭਾਰਤ-ਪਾਕਿ ਵਪਾਰ ਰੁਕੇ ਤੋਂ ਵਾਹਗੇ ਤੋਂ ਸਾਲਾਨਾ 3000 ਕਰੋੜ ਦਾ ਵਪਾਰ ਰੁਕੇਗਾ



ਜਲੰਧਰ, 8 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਧਾਰਾ 370 ਖਤਮ ਕਰਨ ਦੇ ਰੋਸ ਵਿੱਚ ਪਾਕਿਸਤਾਨ ਵੱਲੋਂ ਭਾਰਤ ਨਾਲ ਵਪਾਰ ਰੋਕਣ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਝੱਲਣਾ ਪੈ ਸਕਦਾ ਹੈ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਨਾਲ ਵਪਾਰਕ ਸੰਬੰਧ ਤੋੜ ਲਏ ਹਨ। ਇਸ ਕਾਰਨ ਪੰਜਾਬ ਦੇ ਕਿਸਾਨਾਂ ਅਤੇ ਉਦਮੀਆਂ ਵਿੱਚ ਘਬਰਾਹਟ ਦੇਖੀ ਗਈ ਹੈ। ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਜੁੜਦੀ ਹੈ ਤੇ ਵਾਹਗਾ ਬਾਰਡਰ ਤੋਂ ਰੋਜ਼ ਕਰੋੜਾਂ ਰੁਪਏ ਦੇ ਉਦਯੋਗਿਕ ਤੇ ਖੇਤੀ ਉਤਪਾਦਾਂ ਨੂੰ ਪਾਕਿਸਤਾਨ ਭੇਜਿਆ ਜਾਂਦਾ ਸੀ, ਜਿਸ 'ਤੇ ਬ੍ਰੇਕਾਂ ਲੱਗ ਗਈਆਂ ਹਨ। ਅਕਤੂਬਰ 2007 ਵਿੱਚ ਹੀ ਵਾਹਗਾ ਬਾਰਡਰ ਤੋਂ ਦੋਵਾਂ ਦੇਸ਼ਾਂ ਵਿਚਾਲੇ ਟਰੱਕਾਂ ਦਾ ਆਉਣਾ ਜਾਣਾ ਸ਼ੁਰੂ ਹੋਇਆ ਅਤੇ ਪਾਕਿਸਤਾਨ ਨੇ ਇਸ ਲੈਂਡ ਰੂਟ ਤੋਂ 137 ਆਈਟਮਾਂ ਨੂੰ ਪਾਕਿਸਤਾਨ ਭੇਜਣ ਦੀ ਮਨਜ਼ੂਰੀ ਦਿੱਤੀ ਸੀ। ਵਾਹਗਾ ਬਾਰਡਰ ਤੋਂ ਖੇਤੀ ਉਤਪਾਦਾਂ ਤੋਂ ਇਲਾਵਾ ਪਾਕਿਸਤਾਨ ਦੇ ਸੀਮੈਂਟ ਵਪਾਰੀ ਵਾਹਗਾ ਬਾਰਡਰ ਤੋਂ ਸੀਮੈਂਟ ਵੀ ਭਾਰੀ ਮਾਤਰਾ ਵਿੱਚ ਮੰਗਵਾਉਂਦੇ ਹਨ। ਵਾਹਗਾ ਤੋਂ ਰੋਜ਼ ਲਗਭਗ 200 ਟਰੱਕ ਸੀਮੈਂਟ ਪਾਕਿਸਤਾਨ ਜਾਂਦਾ ਸੀ। ਇੱਕ ਅੰਦਾਜ਼ੇ ਮੁਤਾਬਕ ਵਾਹਗਾ ਬਾਰਡਰ ਤੋਂ ਕਰੀਬ 3000 ਕਰੋੜ ਰੁਪਏ ਦਾ ਸਾਲਾਨਾ ਵਪਾਰ ਭਾਰਤ ਤੇ ਪਾਕਿਸਤਾਨ ਵਿਚਾਲੇ ਹੁੰਦਾ ਹੈ। ਪੰਜਾਬ ਵੱਲੋਂ ਲੰਮੇ ਸਮੇਂ ਤੋਂ ਇਹ ਮੰਗ ਆ ਰਹੀ ਸੀ ਕਿ ਵਾਹਗਾ ਬਾਰਡਰ ਤੋਂ ਪਾਕਿਸਤਾਨ ਨਾਲ ਵਪਾਰ ਪੂਰੀ ਤਰ੍ਹਾਂ ਖੋਲ੍ਹਿਆ ਜਾਵੇ, ਜਿੱਥੋਂ ਪੰਜਾਬ ਦੇ ਕਿਸਾਨ ਮੱਧ ਏਸ਼ੀਆ ਤੱਕ ਆਪਣੇ ਉਤਪਾਦ ਭੇਜ ਸਕਣਗੇ। ਪੰਜਾਬ ਦੀ ਅਰਥ ਵਿਵਸਥਾ ਖੇਤੀ ਆਧਾਰਤ ਹੈ ਤੇ ਪਾਕਿਸਤਾਨ ਦੇ ਨਾਲ ਮੁਕਤ ਵਪਾਰ ਹੋਣ ਦੀ ਸਥਿਤੀ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਸਭ ਤੋਂ ਵੱਧ ਲਾਭ ਹੋਣਾ ਸੀ।

## ਅਗਵਾਕਾਰ ਨੂੰ ਦੰਦੀ ਵੱਢ ਕੇ ਬਹਾਦੁਰ ਬੱਚੇ ਨੇ ਖੁਦ ਨੂੰ ਬਚਾਇਆ

ਅੰਮ੍ਰਿਤਸਰ, 8 ਅਗਸਤ (ਪੋਸਟ ਬਿਊਰੋ)- ਕੇਂਦਰੀ ਵਿਦਿਆਲਾ-1 ਵਿੱਚ ਸੱਤਵੀਂ ਜਮਾਤ ਦੇ ਵਿਦਿਆਰਥੀ ਸਾਹਿਲਦੀਪ ਸਿੰਘ (13) ਨੂੰ ਸਕੂਲ ਤੋਂ ਕੁਝ ਦੂਰ ਕੱਲ੍ਹ ਦੁਪਹਿਰ ਬਾਈਕ ਸਵਾਰ ਦੋ ਨੌਜਵਾਨਾਂ ਨੇ ਅਗਵਾ ਕਰ ਲਿਆ, ਪ੍ਰੰਤੂ ਬਹਾਦਰੀ ਕਾਰਨ ਉਹ ਬਚ ਗਿਆ ਅਤੇ ਅਗਵਾਕਾਰ ਦੌੜ ਗਏ।

ਅਜਨਾਲਾ ਦੇ ਮਾਕੋਵਾਲ ਪਿੰਡ ਦੇ ਸਾਬਕਾ ਸਰਪੰਚ ਕਸ਼ਮੀਰ ਸਿੰਘ ਨੇ ਦੱਸਿਆ ਕਿ ਉਸ ਦੀ ਬੇਟੀ ਸੰਦੀਪ ਕੌਰ ਆਪਣੇ ਪਤੀ ਕੁਲਦੀਪ ਸਿੰਘ ਨਾਲ ਨਿਊ ਪ੍ਰਤਾਪ ਨਗਰ ਵਿੱਚ ਰਹਿੰਦੀ ਹੈ ਤੇ ਉਸ ਦਾ ਜਵਾਈ ਕੁਲਦੀਪ ਸਿੰਘ ਬੀ ਐੱਸ ਐੱਫ ਵਿੱਚ ਹੈ। ਸੰਦੀਪ ਕੌਰ ਇਥੇ ਆਪਣੀਆਂ ਦੋ ਬੇਟੀਆਂ ਅਤੇ ਇੱਕ ਬੇਟੇ ਸਾਹਿਲਦੀਪ ਸਿੰਘ ਦੇ ਨਾਲ ਰਹਿ ਰਹੀ ਹੈ। ਸਾਹਿਲਦੀਪ ਕੈਂਟ ਖੇਤਰ ਦੇ ਕੇ ਵੀ-1 ਵਿੱਚ ਸੱਤਵੀਂ ਦਾ ਵਿਦਿਆਰਥੀ ਹੈ। ਕੱਲ੍ਹ ਦੁਪਹਿਰ ਸਕੂਲ ਤੋਂ ਛੁੱਟੀ ਹੋਈ ਤਾਂ ਉਹ ਆਟੋ ਫੜਨ ਲਈ ਸਦਰ ਬਾਜ਼ਾਰ ਨੂੰ ਪੈਦਲ ਜਾ ਰਿਹਾ ਸੀ। ਰਸਤੇ ਵਿੱਚ ਬਾਈਕ ਸਵਾਰ ਦੋ ਨੌਜਵਾਨਾਂ ਨੇ ਉਸ ਦਾ ਪਿੱਛਾ ਸ਼ੁਰੂ ਕਰ ਦਿੱਤਾ। ਮੌਕਾ ਮਿਲਦੇ ਸਾਰ ਬਾਈਕ ਦੇ ਪਿੱਛੇ ਬੈਠੇ ਇੱਕ ਨੌਜਵਾਨ ਨੇ ਪਿੱਛੇ ਬਿਠਾ ਲਿਆ। ਕਚਹਿਰੀ ਚੌਕ ਤੋਂ ਕੁਝ ਦੂਰ ਮੌਕਾ ਮਿਲਦੇ ਹੀ ਸਾਹਿਲਦੀਪ ਸਿੰਘ ਨੇ ਅਗਵਾਕਾਰ ਦੇ ਹੱਥ 'ਤੇ ਬੁਰੀ ਤਰ੍ਹਾਂ ਦੰਦੀ ਵੱਢ ਦਿੱਤੀ। ਇਸ 'ਤੇ ਬਾਈਕ ਡਿੱਗ ਗਈ।

### ਕੈਪਟਨ ਅਮਰਿੰਦਰ ਨੇ ਕਿਹਾ:

# ਕਿਸਾਨਾਂ ਨੂੰ ਜਿਣਸਾਂ ਦੀ ਅਦਾਇਗੀ ਆੜ੍ਹਤੀਆਂ ਰਾਹੀਂ ਹੀ ਹੋਵੇਗੀ



ਚੰਡੀਗੜ੍ਹ, 8 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆੜ੍ਹਤੀਆਂ ਦਾ ਡਰ ਦੂਰ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਖਰੀਦ ਪ੍ਰਣਾਲੀ ਤੋਂ ਲਾਂਭੇ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਆੜ੍ਹਤੀਆਂ ਨੂੰ ਭਰੋਸਾ ਦਿੱਤਾ ਕਿ ਕੇਂਦਰ ਦੇ ਮਿੱਥੇ ਮੁਤਾਬਕ ਸੂਬੇ ਵਿੱਚ ਜਨਤਕ ਵਿੱਤੀ ਪ੍ਰਬੰਧ ਪ੍ਰਣਾਲੀ (ਪੀ ਐਫ ਐਮ ਐਸ) ਉੱਤੇ ਅਮਲ ਲਈ ਰਾਜ ਸਰਕਾਰ ਸਹਿਯੋਗ ਕਰੇਗੀ। ਮੁੱਖ ਮੰਤਰੀ ਇਹ ਮਾਮਲਾ ਕੇਂਦਰ ਕੋਲ ਵੀ ਉਠਾਉਣਗੇ। ਕੱਲ੍ਹ ਇਥੇ ਕਿਸਾਨ ਭਵਨ ਵਿੱਚ ਆੜ੍ਹਤੀਆਂ ਦੇ ਇੱਕ ਇਕੱਠ ਵਿੱਚ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵਿਜੈ ਕਾਲੜਾ ਵੱਲੋਂ ਆੜ੍ਹਤੀਆਂ ਵੱਲੋਂ ਪੇਸ਼ ਕੀਤੀ ਮੁੱਖ ਮੰਗ ਨੂੰ ਪ੍ਰਵਾਨ ਕਰ ਕੇ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਭੰਡਾਰ ਲਈ ਕਣਕ ਅਤੇ ਝੋਨੇ ਦੇ ਖਰੀਦ ਅਮਲ ਵਿੱਚੋਂ ਆੜ੍ਹਤੀਆਂ ਨੂੰ ਬਾਹਰ ਕਰਨ ਲਈ ਏ ਪੀ ਐਮ ਸੀ ਐਕਟ ਵਿੱਚ ਸੋਧ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਆੜ੍ਹਤੀਆਂ ਨਾਲ ਪੁਰਾਣੇ ਸਬੰਧ ਹਨ ਤੇ ਸੂਬਾ ਸਰਕਾਰ ਕਿਸਾਨਾਂ ਨੂੰ ਆੜ੍ਹਤੀਆਂ ਰਾਹੀਂ ਫਸਲ ਦੀ ਅਦਾਇਗੀ ਦਾ ਕੰਮ ਜਾਰੀ ਰੱਖੇਗੀ। ਲੈਣ ਦੇਣ ਦੇ ਕੇਸਾਂ ਵਿੱਚ ਕਿਸਾਨਾਂ ਵੱਲੋਂ ਆੜ੍ਹਤੀਆਂ ਖਿਲਾਫ ਪੁਲਸ ਕੇਸ ਦਰਜ ਕਰਾਉਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਏਦਾਂ ਨਹੀਂ ਹੋਵੇਗਾ, ਪਰ ਉਹ ਇਸ ਬਾਰੇ ਕਿਸਾਨਾਂ ਨਾਲ ਵੀ ਗੱਲਬਾਤ ਕਰਨਗੇ। ਮੁੱਖ ਮੰਤਰੀ ਨੇ ਸੂਬੇ ਦੀਆਂ ਖਰੀਦ ਏਜੰਸੀਆਂ ਅਤੇ ਮੰਡੀ ਬੋਰਡ ਨੂੰ ਪੀ ਐਫ ਐਮ ਐਸ ਸਾਫਟਵੇਅਰ ਵਰਤਣ ਦੀ ਸਿਖਲਾਈ ਦੇਣ ਦੇ ਹੁਕਮ ਦਿੰਦਿਆਂ ਕਿਸਾਨਾਂ ਦੇ ਬੈਂਕ ਖਾਤਿਆਂ ਨੂੰ ਪੀ ਐਫ ਐਮ ਐਸ ਉਤੇ ਅਪਲੋਡ ਕਰਨ ਅਤੇ ਆੜ੍ਹਤੀਆਂ ਦੇ ਬੈਂਕ ਖਾਤਿਆਂ ਨਾਲ ਲਿੰਕ ਕਰਨ ਲਈ ਕਿਹਾ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਦੀ ਸਰਕਾਰ ਦੌਰਾਨ ਨਕਦ ਕਰਜ਼ਾ ਹੱਦ (ਸੀ ਸੀ ਐਲ) ਖਰੀਦ ਸੀਜ਼ਨ ਦੇ ਅੰਤ ਵਿੱਚ ਜਾਰੀ ਹੁੰਦੀ ਸੀ, ਜਦ ਕਿ ਉਨ੍ਹਾਂ ਦੀ ਕਾਂਗਰਸ ਸਰਕਾਰ ਆਉਣ ਮਗਰੋਂ ਇਸ ਦਾ ਬੰਦੋਬਸਤ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਕਰ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਦਾ ਜਾ ਰਿਹਾ ਹੈ। ਇਸ ਲਈ ਝੋਨੇ ਦੀ ਫਸਲ ਦਾ ਬਦਲ ਲੱਭਣਾ ਪਵੇਗਾ ਅਤੇ ਇਸ ਦੀ ਥਾਂ ਦਾਲਾਂ ਦੀ ਖੇਤੀ ਕੀਤੀ ਜਾ ਸਕਦੀ ਹੈ, ਪਰ ਉਸ ਦਾ ਵੀ ਘੱਟੋ-ਘੱਟ ਭਾਅ ਮਿਥਿਆ ਜਾਣਾ ਚਾਹੀਦਾ ਹੈ।

## ਪੀ ਜੀ ਆਈ ਵਿੱਚ ਪਹਿਲੀ ਵਾਰ ਬਿਨਾਂ ਚੀਰੇ ਤੋਂ ਦਿਲ ਦਾ ਵਾਲਵ ਬਦਲਿਆ




ਚੰਡੀਗੜ੍ਹ, 8 ਅਗਸਤ (ਪੋਸਟ ਬਿਊਰੋ)- ਪੀ ਜੀ ਆਈ ਚੰਡੀਗੜ੍ਹ ਨੇ ਮੈਡੀਕਲ ਸਾਇੰਸ ਦੇ ਖੇਤਰ 'ਚ ਨਵੀਂ ਪ੍ਰਾਪਤੀ ਕਰਦੇ ਹੋਏ ਦਿਲ ਦੇ ਮਰੀਜ਼ਾਂ ਦਾ ਬਿਨਾਂ ਕਿਸੇ ਚੀਰਫਾੜ ਦੇ ਵਾਲਵ ਬਦਲਣ ਦਾ ਸਫਲ ਆਪ੍ਰੇਸ਼ਨ ਕੀਤਾ ਹੈ। ਪੀ ਜੀ ਆਈ ਵਿੱਚ ਪਹਿਲੀ ਵਾਰ ਦੋ ਮਰੀਜ਼ਾਂ ਦਾ ਇਸ ਤਰ੍ਹਾਂ ਸਫਲ ਆਪ੍ਰੇਸ਼ਨ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੀ ਜੀ ਆਈ 'ਚ ਕਾਰਡੀਅਕ ਵਿਭਾਗ ਦੇ ਮੁਖੀ ਪ੍ਰੋ. ਯਸ਼ਪਾਲ ਸ਼ਰਮਾ ਦੀ ਅਗਵਾਈ ਵਿੱਚ ਡਾ. ਪਰਾਗ ਬਰਵਾੜ, ਡਾ. ਜੀ ਡੀ ਪੁਰੀ, ਡਾ. ਸ਼ਯਾਮ ਅਤੇ ਹੋਰਨਾਂ ਨੇ ਪਿਛਲੇ ਦਿਨੀਂ 72 ਸਾਲਾ ਤੇ ਇਕ 75 ਸਾਲ ਵਿਅਕਤੀ, ਜੋ ਦਿਲ ਦੇ ਮਰੀਜ਼ ਸਨ, ਦੀ ਟ੍ਰਾਂਸ ਕੈਥੇਟਰ ਤਕਨੀਕ ਨਾਲ ਸਰਜਰੀ ਕੀਤੀ ਹੈ। ਇਹ ਆਪ੍ਰੇਸ਼ਨ ਕਰਨ ਵਾਲੇ ਡਾ. ਪਰਾਗ ਬਰਵਾੜ ਦੱਸਦੇ ਹਨ ਕਿ ਇਸ ਸਰਜਰੀ ਨੂੰ ਹਾਈ ਅਤੇ ਇੰਟਰਮੀਡੀਏਟ ਰਿਸਕ ਵਾਲੇ ਬਜ਼ੁਰਗਾਂ 'ਤੇ ਕੀਤਾ ਜਾਂਦਾ ਹੈ, ਜੋ ਛਾਤੀ ਦੀ ਚੀਰਫਾੜ ਤੋਂ ਗੁਰੇਜ਼ ਕਰਦੇ ਹਨ। ਪਹਿਲਾਂ ਜਦੋਂ ਕਿਸੇ ਮਰੀਜ਼ ਦਾ ਵਾਲਵ ਬਦਲਿਆ ਜਾਂਦਾ ਸੀ ਤਾਂ ਛਾਤੀ 'ਚ ਕੱਟ ਲਾ ਕੇ ਵਾਲਵ ਫਿੱਟ ਕੀਤਾ ਜਾਂਦਾ ਸੀ। ਇਸ ਰਵਾਇਤੀ ਤਕਨੀਕ 'ਚ ਕਈ ਤਰ੍ਹਾਂ ਦੇ ਜੋਖਮ ਹੁੰਦੇ ਸਨ ਤੇ ਰੋਗੀ ਨੂੰ ਲੰਬਾ ਸਮਾਂ ਬਿਸਤਰੇ 'ਤੇ ਰਹਿਣਾ ਪੈਂਦਾ ਸੀ, ਪਰ ਕੈਥੇਟਰ ਤਕਨੀਕ ਰਾਹੀਂ ਮਰੀਜ਼ ਦੇ 'ਫਿਮੋਰਲ ਅਪਰੋਚ' ਤੋਂ ਕੈਥੇਟਰ ਪਵਾ ਕੇ ਉਸ ਦੇ ਦਿਲ 'ਚ ਵਾਲਵ ਫਿੱਟ ਕੀਤਾ ਜਾਂਦਾ ਹੈ। 'ਮੇਕ ਇਨ ਇੰਡੀਆ' ਉਪਰਾਲੇ ਹੇਠ ਦੇਸ਼ 'ਚ ਹੀ ਬਣੇ ਮੈਰਿਲ ਲਾਇਫ ਸਾਇੰਸ ਦੇ 'ਮਾਈਵਾਲ' ਨਾਂਅ ਦੇ ਵਾਲਵ ਰਾਹੀਂ ਮਰੀਜ਼ ਨੂੰ ਕਿਸੇ ਵੀ ਤਰ੍ਹਾਂ ਦਾ ਜੋਖਮ ਨਹੀਂ ਸਹਿਣਾ ਪੈਂਦਾ ਅਤੇ ਮਹਿਜ਼ ਦੋ ਦਿਨਾਂ ਵਿੱਚ ਹੀ ਚੱਲਣਾ ਫਿਰਨਾ ਸ਼ੁਰੂ ਕਰ ਦਿੰਦਾ ਹੈ।

## ਭੀਮ ਕਤਲ ਕੇਸ ਵਿੱਚ ਫਾਜ਼ਿਲਕਾ ਅਦਾਲਤ ਵੱਲੋਂ 24 ਦੋਸ਼ੀਆਂ ਨੂੰ ਉਮਰ ਕੈਦ



ਜਲਾਲਾਬਾਦ, 8 ਅਗਸਤ (ਪੋਸਟ ਬਿਊਰੋ)- ਫਾਜ਼ਿਲਕਾ ਵਿਖੇ 11 ਦਸੰਬਰ 2015 ਨੂੰ ਪਿੰਡ ਰਾਮਸਰਾ ਦੇ ਫਾਰਮ ਹਾਊਸ ਵਿੱਚ ਇੱਕ ਦਲਿਤ ਨੌਜਵਾਨ ਭੀਮ ਟਾਂਕ ਦੇ ਕਤਲ ਦੇ ਕੇਸ ਵਿੱਚ ਜ਼ਿਲਾ ਅਤੇ ਸੈਸ਼ਨ ਕੋਰਟ ਨੇ ਫੈਸਲਾ ਸੁਣਾ ਦਿੱਤਾ ਅਤੇ 24 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਅਤੇ ਇਕ ਜਣੇ ਨੂੰ 4 ਸਾਲ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਅਦਾਲਤ ਨੇ ਇਸ ਕੇਸ ਵਿੱਚ ਇਕ ਵਿਅਕਤੀ ਨੂੰ ਦੋਸ਼ ਮੁਕਤ ਕਰਦੇ ਹੋਏ ਬਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਭੀਮ ਟਾਂਕ ਕਤਲ ਕੇਸ ਐਡੀਸ਼ਨਲ ਜੱਜ ਫਾਜ਼ਿਲਕਾ ਜਸਪਾਲ ਸਿੰਘ ਦੀ ਅਦਾਲਤ ਵਿੱਚ ਚੱਲ ਰਿਹਾ ਸੀ, ਜਿਸ ਵਿੱਚ 26 ਦੋਸ਼ੀ ਸਨ। ਅੱਜ ਉਨ੍ਹਾਂ ਵਿੱਚੋਂ 25 ਨੂੰ ਸਜ਼ਾ ਦਾ ਫੈਸਲਾ ਹੋਇਆ ਹੈ। 11 ਦਸੰਬਰ 2015 ਨੂੰ ਸ਼ਿਵ ਲਾਲ ਡੋਡਾ ਦੇ ਪਿੰਡ ਰਾਮਸਰਾ ਦੇ ਨੇੜੇ ਫਾਰਮ ਹਾਊਸ ਵਿੱਚ ਦਲਿਤ ਨੌਜਵਾਨ ਭੀਮ ਦਾ ਕਤਲ ਅਤੇ ਉਸ ਦੇ ਸਾਥੀ ਗੁਰਜੰਟ ਸਿੰਘ ਜੰਟਾ ਨੂੰ ਗੰਭੀਰ ਜ਼ਖਮੀ ਕਰਨ ਦੀ ਘਟਨਾ ਵਾਪਰੀ ਸੀ। ਦੋਸ਼ੀਆਂ ਨੇ ਬੇਰਹਿਮੀ ਨਾਲ ਭੀਮ ਟਾਂਕ ਦੇ ਹੱਥ ਪੈਰ ਕੱਟ ਦਿੱਤੇ ਤੇ ਉਸ ਦੇ ਸਾਥੀ ਦੇ ਹੱਥਾਂ ਅਤੇ ਲੱਤਾਂ ਉੱਤੇ ਵੀ ਕਈ ਵਾਰ ਕੀਤੇ ਸਨ। ਇਸ ਦੀ ਜਾਂਚ ਕਰਦੀ ਪੁਲਸ ਨੇ ਸ਼ਿਵ ਲਾਲ ਡੋਡਾ ਅਤੇ ਉਸ ਦੇ ਭਤੀਜੇ ਅਮਿਤ ਡੋਡਾ ਨੂੰ ਸਾਜ਼ਿਸ਼ ਕਰਤਾ ਮੰਨਿਆ ਸੀ। ਦੋਸ਼ੀ ਸ਼ਿਵ ਲਾਲ ਡੋਡਾ ਤੇ ਅਮਿਤ ਡੋਡਾ ਨੇ ਜ਼ਮਾਨਤ ਕਰਵਾਉਣ ਦੇ ਲਈ ਪੰਜਾਬ ਹਰਿਆਣਾ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਕਈ ਵਾਰ ਪਟੀਸ਼ਨਾਂ ਦਾਇਰ ਕੀਤੀਆਂ ਸਨ, ਪਰ ਅਦਾਲਤਾਂ ਨੇ ਸਾਜਿਸ਼ ਕਰਤਾਵਾਂ ਸ਼ਿਵ ਲਾਲ ਡੋਡਾ ਅਤੇ ਅਮਿਤ ਡੋਡਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਕੁਝ ਸਮਾਂ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਜ਼ਿਲਾ ਅਤੇ ਸੈਸ਼ਨ ਜੱਜ ਫਾਜ਼ਿਲਕਾ ਨੂੰ ਇਹ ਕੇਸ ਅਗਸਤ ਤੱਕ ਨਿਪਟਾਉਣ ਦੇ ਆਦੇਸ਼ ਜਾਰੀ ਕੀਤੇ ਸਨ।

## ਵਿਆਹ ਦੇ ਝਾਂਸੇ ਨਾਲ ਲੜਕੀਆਂ ਵੇਚਣ ਵਾਲਾ ਗਿਰੋਹ ਕਾਬੂ, ਦੋ ਲੁਟੇਰੀਆਂ ਦੀ ਪੁਲਸ ਨੂੰ ਤਲਾਸ਼



ਲੁਧਿਆਣਾ, 8 ਅਗਸਤ (ਪੋਸਟ ਬਿਊਰੋ)- ਇਸ ਮਹਾਂਨਗਰ ਦੇ ਥਾਣਾ ਸ਼ਿਮਲਾਪੁਰੀ ਦੀ ਪੁਲਸ ਨੇ ਇੱਕ ਜੋੜੇ ਸਮੇਤ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਵਿਆਹ ਦਾ ਝਾਂਸਾ ਦੇ ਕੇ ਲੜਕੀਆਂ ਨੂੰ ਵੇਚਣ ਦਾ ਕੰਮ ਕਰਦੇ ਸਨ। ਗੈਂਗ ਦੀਆਂ ਦੋ ਪ੍ਰਮੁੱਖ ਮੈਂਬਰਾਂ ਅਜੇ ਪੁਲਸ ਦੀ ਗ੍ਰਿਫਤ 'ਚੋਂ ਬਾਹਰ ਹਨ। ਇਹ ਦੋਵੇਂ ਝੂਠੇ ਵਿਆਹ ਕਰਵਾ ਕੇ ਰਾਤ ਨੂੰ ਸਾਰਾ ਸਾਮਾਨ ਲੁੱਟ ਕੇ ਫਰਾਰ ਹੋ ਜਾਂਦੀਆਂ ਸਨ। ਪੁਲਸ ਨੇ ਗ੍ਰਿਫਤਾਰ ਦੋਸ਼ੀਆਂ ਕੋਲੋਂ ਬਸੰਤ ਨਗਰ ਸ਼ਿਮਲਾਪੁਰੀ ਦੀ ਵਿਆਹੁਤਾ ਮਹਿਲਾ ਵੀ ਬਰਾਮਦ ਕੀਤੀ ਹੈ, ਜਿਸ ਦਾ ਇਨ੍ਹਾਂ ਨੇ ਦੂਸਰੇ ਵਿਆਹ ਦਾ ਝਾਂਸਾ ਦੇ ਕੇ ਸੌਦਾ ਕੀਤਾ ਸੀ। ਦੋਸ਼ੀਆਂ ਦੀ ਪਛਾਣ ਹਿਸਾਰ ਦੀ ਰਹਿਣ ਵਾਲੀ ਰਾਣੀ, ਉਸ ਦਾ ਪਤੀ ਪਾਲਾ, ਭਾਦਸੋਂ ਪਟਿਆਲਾ ਵਾਸੀ ਗੁਰਮੀਤ ਕੌਰ, ਜਸਵਿੰਦਰ ਕੌਰ ਅਤੇ ਆਸ਼ਾ ਰਾਣੀ ਦੇ ਰੂਪ ਵਿੱਚ ਹੋਈ ਹੈ ਅਤੇ ਬਾਕੀ ਅਜੇ ਫੜੇ ਜਾਣ ਵਾਲੇ ਹਨ। ਏ ਸੀ ਪੀ ਸੰਦੀਪ ਵਢੇਰਾ ਨੇ ਦੱਸਿਆ ਕਿ ਥਾਣਾ ਸ਼ਿਮਲਾਪੁਰੀ ਦੇ ਐੱਸ ਐੱਚ ਓ ਪ੍ਰਮੋਦ ਕੁਮਾਰ ਨੂੰ ਸੂਚਨਾ ਮਿਲੀ ਸੀ ਕਿ ਲੜਕੀਆਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਵੇਚਣ ਵਾਲਾ ਗਿਰੋਹ ਇਲਾਕੇ ਵਿੱਚ ਹੈ ਅਤੇ ਬਸੰਤ ਨਗਰ ਦੀ ਰਹਿਣ ਵਾਲੀ ਇੱਕ ਵਿਆਹੁਤਾ ਮਹਿਲਾ ਨੂੰ ਦੂਸਰੇ ਵਿਆਹ ਦਾ ਝਾਂਸਾ ਦੇ ਕੇ ਵੇਚਣ ਵਾਲਾ ਹੈ। ਇਸ 'ਤੇ ਪੁਲਸ ਨੇ ਛਾਪਾ ਮਾਰ ਕੇ ਇਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਮਹਿਲਾ ਨੇ ਦੱਸਿਆ ਕਿ ਉਸ ਦੀ ਆਪਣੇ ਪਤੀ ਨਾਲ ਅਣਬਣ ਸੀ। ਉਸ ਨੂੰ ਇਨ੍ਹਾਂ ਲੋਕਾਂ ਨੇ ਦੂਸਰਾ ਵਿਆਹ ਕਰਾਉਣ ਦੀ ਗੱਲ ਕਹੀ। ਪਿੱਛੋਂ ਪਤਾ ਲੱਗਾ ਕਿ ਇਨ੍ਹਾਂ ਲੋਕਾਂ ਨੇ ਇਸ ਮਹਿਲਾ ਦਾ ਸੌਦਾ ਹਿਸਾਰ ਦੇ ਇੱਕ ਟਰੱਕ ਡਰਾਈਵਰ ਨਾਲ ਕੀਤਾ ਸੀ। ਇਸ ਗੈਂਗ ਦੀਆਂ ਦੋ ਮੈਂਬਰਾਂ ਅਜੇ ਫੜੀਆਂ ਨਹੀਂ ਗਈਆਂ। ਕਿਹਾ ਜਾ ਰਿਹਾ ਹੈ ਕਿ ਇਹ ਦੋਵੇਂ ਟਰੱਕ ਡਰਾਈਵਰਾਂ ਨੂੰ ਝਾਂਸੇ ਵਿੱਚ ਲੈ ਕੇ ਉਨ੍ਹਾਂ ਨਾਲ ਵਿਆਹ ਕਰਦੀਆਂ ਸਨ, ਫਿਰ ਵਿਆਹ ਦੀ ਰਾਤ ਨੂੰ ਲਾੜੇ ਤੇ ਪਰਵਾਰ ਵਾਲਿਆਂ ਨੂੰ ਨਸ਼ੀਲਾ ਪਦਾਰਥ ਖੁਆ ਕੇ ਬੇਹੋਸ਼ ਕਰ ਕੇ ਸਾਰਾ ਸਾਮਾਨ ਲੁੱਟ ਕੇ ਲੈ ਜਾਂਦੀਆਂ ਸਨ।

## 15 ਅਗਸਤ ਨੂੰ ਗੈਂਗਵਾਰ ਲਈ ਤਿਆਰੀ ਕਰਦਾ ਗੈਂਗਸਟਰ ਸਿੱਧੂ ਗ੍ਰਿਫਤਾਰ



ਲੁਧਿਆਣਾ, 8 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬੀ ਗ੍ਰੇਡ ਗੈਂਗਸਟਰਾਂ ਵਿੱਚ ਗਿਣੇ ਜਾਂਦੇ ਵਿਜੇ ਸਿੱਧੂ ਉਰਫ ਛੋਟਾ ਲੱਲਾ ਨੂੰ ਸੀ ਆਈ ਏ ਸਟਾਫ ਦੀ ਟੀਮ ਨੇ ਗ੍ਰਿਫਤਾਰ ਕਰ ਕੇ ਉਸ ਦੇ ਕਬਜ਼ੇ ਵਿੱਚੋਂ ਇੱਕ ਪਿਸਤੌਲ, ਮੈਗਜੀਨ ਅਤੇ ਤਿੰਨ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਏ ਡੀ ਸੀ ਪੀ ਕਰਾਈਮ ਜਗਤਪ੍ਰੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਸ਼ਾਮ ਸੀ ਆਈ ਏ ਟੀਮ ਨੂੰ ਸੂਚਨਾ ਮਿਲੀ ਸੀ ਕਿ ਗੈਂਗਸਟਰ ਛੋਟਾ ਲੱਲਾ ਹਥਿਆਰ ਦੇ ਨਾਲ ਉਪਕਾਰ ਨਗਰ ਦੇ ਕੋਲ ਕਿਸੇ ਵਾਰਦਾਤ ਦੀ ਪਲਾਨਿੰਗ ਵਿੱਚ ਹੈ। ਪੁਲਸ ਨੇ ਛਾਪਾ ਮਾਰ ਕੇ ਉਸ ਨੂੰ ਕਾਬੂ ਕਰ ਲਿਆ। ਲੱਲਾ ਉਤੇ ਪਹਿਲਾਂ ਵੀ ਕਤਲ ਦੀ ਕੋਸ਼ਿਸ਼, ਲੁੱਟ ਤੇ ਨਸ਼ਾ ਤਸਕਰੀ ਦੇ 11 ਕੇਸ ਦਰਜ ਸਨ। ਜਦ ਪੁਲਸ ਨੇ ਉਸ ਨੂੰ ਫੜਿਆ ਤਾਂ ਨਸ਼ੇ ਵਿੱਚ ਸੀ। ਡੇਢ ਮਹੀਨਾ ਪਹਿਲਾਂ ਉਹ ਦਮੋਰੀਆ ਪੁਲ 'ਤੇ ਗੋਲੀ ਚਲਾਏ ਜਾਣ ਅਤੇ ਜੂਆ ਖੇਡਣ ਦੇ ਮਾਮਲੇ ਵਿੱਚ ਪੁਲਸ ਦੇ ਹੱਥੇ ਚੜ੍ਹ ਗਿਆ। ਏ ਐੱਸ ਆਈ ਅਵਤਾਰ ਸਿੰਘ ਨੇ ਦੱਸਿਆ ਕਿ ਪੁੱਛਗਿੱਛ ਵਿੱਚ ਲੱਲਾ ਨੇ ਕਿਹਾ ਕਿ ਡੇਢ ਮਹੀਨਾ ਪਹਿਲਾਂ ਉਹ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਜੇਲ੍ਹ ਤੋਂ ਬਾਹਰ ਆਇਆ ਸੀ। ਇਸ ਪਿੱਛੋਂ ਉਸ ਨੂੰ ਲੱਗਦਾ ਸੀ ਕਿ ਕਰਾਈਮ ਦੀ ਦੁਨੀਆ ਵਿੱਚ ਉਸ ਦੇ ਐਂਟਰੀ ਗਰੁੱਪ ਦੀ ਕੁਝ ਵੱਧ ਚਰਚਾ ਹੈ। ਇਸ ਲਈ ਉਸ ਨੇ ਬਾਹਰ ਆ ਕੇ ਪਹਿਲਾਂ ਆਪਣੇ ਦੋਸਤ ਗੰਜੂ ਨੂੰ ਚਿੱਟਾ ਪਿਲਾਇਆ ਅਤੇ ਉਸ ਨੂੰ ਧਮਕਾ ਕੇ ਉਸ ਕੋਲੋਂ ਪਿਸਤੌਲ ਅਤੇ ਗੋਲੀਆਂ ਲਈਆਂ। ਫਿਰ ਹੌਲੀ-ਹੌਲੀ ਲੱਲਾ ਨੇ 22 ਨਵੇਂ ਲੋਕਾਂ ਦਾ ਆਪਣਾ ਗੈਂਗ ਬਣਾਇਆ, ਜਿਨ੍ਹਾਂ ਨੇ 15 ਅਗਸਤ ਤੋਂ ਪਹਿਲਾਂ ਸ਼ਹਿਰ ਵਿੱਚ ਇੱਕ ਵੱਡੀ ਗੈਂਗਵਾਰ ਕਰਨੀ ਸੀ।

## ਕੋਟਕਪੂਰਾ ਗੋਲੀ ਕਾਂਡ ਵਿਚ ਸਾਬਕਾ ਵਿਧਾਇਕ ਸਕੱਤਰ ਅਤੇ ਆਈ ਜੀ ਨੇ ਪੇਸ਼ੀ ਭੁਗਤੀ



ਫਰੀਦਕੋਟ, 8 ਅਗਸਤ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਵੱਲੋਂ ਦੋਸ਼ ਪੱਤਰ ਅਦਾਲਤ 'ਚ ਪੇਸ਼ ਕਰਨ ਤੋਂ ਬਾਅਦ ਕੱਲ੍ਹ ਪਹਿਲੀ ਵਾਰ ਸੈਸ਼ਨ ਜੱਜ ਹਰਪਾਲ ਸਿੰਘ ਨੇ ਇਸ ਕੇਸ ਦੀ ਸੁਣਵਾਈ ਕੀਤੀ। ਜਾਂਚ ਟੀਮ ਨੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕੀਤੇ ਸਨ ਅਤੇ ਇਲਾਕਾ ਮੈਜਿਸਟਰੇਟ ਏਕਤਾ ਉਪਲ ਨੇ ਇਸ ਮਾਮਲੇ ਦੀ ਸੁਣਵਾਈ ਸੈਸ਼ਨ ਕੋਰਟ ਦੇ ਸਪੁਰਦ ਕਰ ਦਿੱਤੀ ਸੀ।

ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿੱਚ ਕੱਲ੍ਹ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਪਰਮਜੀਤ ਸਿੰਘ, ਐਸ ਐਚ ਓ ਗੁਰਦੀਪ ਸਿੰਘ ਪੰਧੇਰ, ਐਸ ਪੀ ਬਲਜੀਤ ਸਿੰਘ ਸਿੱਧੂ ਅਤੇ ਸਾਬਕਾ ਪਾਰਲੀਮੈਂਟਰੀ ਸਕੱਤਰ ਮਨਤਾਰ ਸਿੰਘ ਬਰਾੜ ਪੇਸ਼ ਹੋਏ। ਅਦਾਲਤ ਵਿੱਚ ਜਾਂਚ ਟੀਮ ਵੱਲੋਂ ਪੇਸ਼ ਕੀਤੇ ਦੋਸ਼ ਪੱਤਰਾਂ ਦੇ ਆਧਾਰ ਉਤੇ ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰਨ ਦੇ ਮੁੱਦੇ 'ਤੇ 23 ਅਗਸਤ ਨੂੰ ਬਹਿਸ ਹੋਵੇਗੀ। ਕੱਲ੍ਹ ਸੁਣਵਾਈ ਦੌਰਾਨ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀ ਵੀ ਅਦਾਲਤ ਵਿੱਚ ਸਨ। ਦੋ ਹਜ਼ਾਰ ਸਫਿਆਂ ਦੀ ਚਾਰਜਸ਼ੀਟ ਦਾਇਰ ਕਰਨ ਪਿੱਛੋਂ ਕੱਲ੍ਹ ਸੈਸ਼ਨ ਕੋਰਟ ਨੇ ਇਸ ਕੇਸ ਦੀ ਸੁਣਵਾਈ ਸ਼ੁਰੂ ਕਰ ਦਿੱਤੀ। ਪੁਲਸ ਅਫਸਰਾਂ ਨੇ ਇਸ ਕੇਸ ਨੂੰ ਰੱਦ ਕਰਵਾਉਣ ਲਈ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਵੀ ਪਹੁੰਚ ਕੀਤੀ ਹੈ, ਪਰ ਉਨ੍ਹਾਂ ਨੂੰ ਹਾਈ ਕੋਰਟ 'ਚੋਂ ਕੋਈ ਰਾਹਤ ਨਹੀਂ ਮਿਲੀ। ਹਾਈ ਕੋਰਟ ਨੇ ਪੁਲਸ ਅਧਿਕਾਰੀਆਂ ਦੀ ਪਟੀਸ਼ਨ 'ਤੇ 11 ਸਤੰਬਰ ਤੱਕ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ ਇਨ੍ਹਾਂ ਸਾਰੇ ਅਧਿਕਾਰੀਆਂ ਖਿਲਾਫ ਪੁਖਤਾ ਸਬੂਤ ਹੋਣ ਦਾ ਦਾਅਵਾ ਕੀਤਾ ਹੈ, ਜਦੋਂ ਕਿ ਪੁਲਸ ਅਧਿਕਾਰੀਆਂ ਅਨੁਸਾਰ ਸਮੁੱਚੀ ਪੜਤਾਲ ਰਿਪੋਰਟ ਸ਼ੱਕੀ ਤੇ ਪੱਖਪਾਤੀ ਹੈ। ਇਸੇ ਆਧਾਰ 'ਤੇ ਪੁਲਸ ਅਧਿਕਾਰੀਆਂ ਨੇ ਹਾਈ ਕੋਰਟ 'ਚੋਂ ਮਾਮਲੇ ਰੱਦ ਕਰਨ ਦੀ ਮੰਗ ਕੀਤੀ ਹੈ।

## ਪਤੀ ਦੀ ਮੌਤ ਦੇ ਸਰਟੀਫਿਕੇਟ ਲਈ ਪਤਨੀ 24 ਸਾਲ ਖੱਜਲ ਹੁੰਦੀ ਰਹੀ



ਸੰਗਰੂਰ, 8 ਅਗਸਤ (ਪੋਸਟ ਬਿਊਰੋ)- ਇਕ ਵਿਧਵਾ ਔਰਤ 24 ਸਾਲ ਜੱਦੋ-ਜਹਿਦ ਕਰਨ ਪਿੱਛੋਂ ਜ਼ਿਲਾ ਕਾਨੂੰਨੀ ਸੇਵਾ ਅਥਾਰਟੀ (ਡੀ ਐੱਲ ਐੱਸ ਏ) ਦੀ ਮਦਦ ਨਾਲ ਆਪਣੇ ਪਤੀ ਦੀ ਮੌਤ ਦਾ ਸਰਟੀਫਿਕੇਟ ਲੈ ਸਕੀ ਹੈ। ਅਸਲ ਵਿੱਚ ਪਿੰਡ ਛਾਜਲੀ ਦੇ ਪੰਜਾਬ ਹੋਮ ਗਾਰਡ ਦੇ ਵਾਲੰਟੀਅਰ ਲੀਲਾ ਸਿੰਘ ਦੀ ਲਾਸ਼ 1995 ਵਿਚ ਉਗਰਾਹਾਂ ਪਿੰਡ ਨੇੜੇ ਨਹਿਰ ਵਿਚੋਂ ਮਿਲੀ ਸੀ। ਲੀਲਾ ਸਿੰਘ ਉਸ ਵੇਲੇ ਧਰਮਗੜ੍ਹ ਪੁਲਸ ਚੌਕੀ ਵਿਚ ਤਾਇਨਾਤ ਸਨ। ਇਸ ਦਾ ਪਤਾ ਲੱਗਾ ਤਾਂ ਉਸ ਦੀ ਪਤਨੀ ਨਿਰਮਲਾ ਦੇਵੀ (49) ਤੇ ਭੈਣ ਅਮਰਜੀਤ ਕੌਰ ਨੇ ਲਾਸ਼ ਦੀ ਪਛਾਣ ਕੀਤੀ ਤੇ ਪੋਸਟਮਾਰਟਮ ਕਰਵਾ ਕੇ ਅੰਤਮ ਸਸਕਾਰ ਕਰ ਦਿੱਤਾ ਅਤੇ ਸਾਰੇ ਲੋੜੀਂਦੇ ਦਸਤਾਵੇਜ਼ ਲੈ ਲਏ। ਇਸ ਦੇ ਬਾਅਦ ਡੈੱਥ ਸਰਟੀਫੀਕੇਟ ਦੇ ਲਈ ਅਰਜ਼ੀ ਦਿੱਤੀ ਤਾਂ ਚੌਵੀ ਸਾਲ ਉਲਝਣ ਪਈ ਰਹੀ।

ਸੰਗਰੂਰ ਦੇ ਡੀ ਐੱਲ ਐੱਸ ਏ ਦਫਤਰ ਤੋਂ ਮੌਤ ਦਾ ਸਰਟੀਫਿਕੇਟ ਲੈਣ ਪਿੱਛੋਂ ਲੀਲਾ ਸਿੰਘ ਦੀ ਭੈਣ ਅਮਰਜੀਤ ਕੌਰ ਨੇ ਦੋਸ਼ ਲਾਇਆ ਕਿ ਅਧਿਕਾਰੀ ਕਈ ਸਾਲਾਂ ਤੋਂ ਉਨ੍ਹਾਂ ਨੂੰ ਗੁੰਮਰਾਹ ਕਰਦੇ ਰਹੇ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਨਿਰਮਲਾ ਦੇਵੀ (ਲੀਲਾ ਸਿੰਘ ਦੀ ਪਤਨੀ) ਨਾਲ ਮਿਲ ਕੇ ਆਪਣੇ ਭਰਾ ਦੀ ਮੌਤ ਦਾ ਸਰਟੀਫਿਕੇਟ ਲੈਣ ਲਈ ਸੰਗਰੂਰ, ਸੁਨਾਮ ਤੇ ਚੰਡੀਗੜ੍ਹ ਵਿਚ ਲਗਭਗ ਸਾਰੇ ਦਫਤਰਾਂ ਦੇ ਵਾਰ-ਵਾਰ ਚੱਕਰ ਲਾਏ, ਪਰ ਕਿਸੇ ਨੇ ਉਨ੍ਹਾਂ ਦੀ ਮਦਦ ਨਹੀਂ ਸੀ ਕੀਤੀ। ਨਿਰਮਲਾ ਦੇਵੀ ਨੇ ਦੋਸ਼ ਲਾਇਆ ਕਿ ਉਸ ਨੂੰ ਨਾ ਕੋਈ ਵਿੱਤੀ ਸਹਾਇਤਾ ਮਿਲੀ ਤੇ ਨਾ ਰਾਜ ਸਰਕਾਰ ਦੀ ਸਮਾਜ ਭਲਾਈ ਸਕੀਮ ਦਾ ਲਾਭ ਮਿਲਿਆ, ਕਿਉਂਕਿ ਜਦੋਂ ਵੀ ਉਹ ਕਿਸੇ ਅਫਸਰ ਕੋਲ ਮਦਦ ਲਈ ਜਾਂਦੀ ਸੀ ਤਾਂ ਉਹ ਉਸ ਦੇ ਪਤੀ ਦੀ ਮੌਤ ਦਾ ਸਰਟੀਫਿਕੇਟ ਮੰਗਦੇ ਸਨ। ਨਿਰਮਲਾ ਨੇ ਕਿਹਾ ਕਿ ਜਦੋਂ ਉਸ ਦੇ ਪਤੀ ਦੀ ਮੌਤ ਹੋਈ, ਉਹ ਆਪਣੇ ਰਿਸ਼ਤੇਦਾਰਾਂ ਨਾਲ ਸਾਰੇ ਸੀਨੀਅਰ ਅਫਸਰਾਂ ਨੂੰ ਮਿਲੀ, ਪਰ ਕਿਸੇ ਨੇ ਉਸ ਦੀ ਮਦਦ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਬੀਤੇ ਮਈ ਵਿੱਚ ਛਾਜਲੀ ਪਿੰਡ ਵਿਖੇ ਡੀ ਐੱਲ ਐੱਸ ਏ ਨੇ ਇਕ ਸੈਮੀਨਾਰ ਲਾਇਆ ਸੀ ਤਾਂ ਜਦੋਂ ਉਹ ਪੈਰਾ ਲੀਗਲ ਵਲੰਟੀਅਰ (ਪੀ ਐੱਲ ਵੀ) ਕੋਲ ਗਈ ਤਾਂ ਉਸ ਨੂੰ ਝੱਟ ਸਰਟੀਫਿਕੇਟ ਮਿਲ ਗਿਆ, ਕਿਉਂਕਿ ਉਸ ਕੋਲ ਸਾਰੇ ਲੋੜੀਂਦੇ ਦਸਤਾਵੇਜ਼ ਸਨ। ਪੀ ਐੱਲ ਵੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਸਰਟੀਫਿਕੇਟ 28 ਜੂਨ ਨੂੰ ਜਾਰੀ ਹੋ ਗਿਆ, ਪਰ ਉਨ੍ਹਾਂ ਨੇ ਇਸ ਨੂੰ ਡੀ ਐੱਲ ਐੱਸ ਏ ਦਫ਼ਤਰ ਤੋਂ ਸੋਮਵਾਰ ਨੂੰ ਲਿਆ ਹੈ।

# ਤਸਕਰਾਂ ਨੇ ਪੁਲਸ ਨੂੰ ਸੂਚਨਾ ਦੇਣ ਵਾਲੇ ਉਤੇ ਗੋਲੀਆਂ ਚਲਾਈਆਂ

ਮਲੋਟ, 8 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਨਸ਼ਾ ਤਸਕਰਾਂ ਦੇ ਹੌਸਲੇ ਚੋਖੇ ਬੁਲੰਦ ਹਨ। ਉਨ੍ਹਾ ਦੀ ਸੂਚਨਾ ਪੁਲਸ ਨੂੰ ਦੇਣ ਵਾਲੇ ਤੇ ਇਨ੍ਹਾਂ ਨੂੰ ਰੋਕਣ ਵਾਲਿਆਂ ਨੂੰ ਉਹ ਧਮਕਾਉਂਦੇ ਤੇ ਜਾਨ ਲੈਣ ਤੋਂ ਵੀ ਪ੍ਰਹੇਜ ਨਹੀਂ ਕਰਦੇ।

ਜ਼ਿਲਾ ਮੁਕਤਸਰ ਸਾਹਿਬ ਦੇ ਪਿੰਡ ਸ਼ਾਮਖੇੜਾ ਵਿੱਚ ਨਸ਼ਾ ਵੇਚਣ ਤੋਂ ਰੋਕਣ ਉਤੇ ਤਸਕਰ ਨੇ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਕੱਲ੍ਹ ਦੁਪਹਿਰ ਤਿੰਨ ਘਰਾਂ 'ਤੇ ਕਰੀਬ 22 ਫਾਇਰ ਕੀਤੇ। ਇਸ ਵਿੱਚ ਇੱਕ ਵਿਅਕਤੀ ਜ਼ਖਮੀ ਹੋ ਗਿਆ। ਪੁਲਸ ਨੇ ਮਾਮਲੇ ਵਿੱਚ ਅੱਠ ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪਿੰਡ ਸ਼ਾਮਖੇੜਾ ਦੇ ਅੰਗਰੇਜ਼ ਸਿੰਘ, ਫੁੰਮਣ ਸਿੰਘ ਅਤੇ ਸੁਖਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦਾ ਸਤਪਾਲ ਸਿੰਘ ਸੱਤੀ ਵੱਡੇ ਪੱਧਰ 'ਤੇ ਨਸ਼ਾ ਤਸਕਰੀ ਕਰਦਾ ਹੈ। ਉਹ ਜਬਰੀ ਪਿੰਡ ਵਿੱਚ ਨਸ਼ਾ ਵੇਚਦਾ ਹੈ ਤੇ ਜੋ ਉਸ ਨੂੰ ਰੋਕਦਾ ਹੈ, ਉਸ ਨੂੰ ਉਹ ਧਮਕੀਆਂ ਦਿੰਦਾ ਹੈ। ਨਸ਼ੇ ਕਾਰਨ ਪਿੰਡ ਵਿੱਚ ਪੰਜ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਕੱਲ੍ਹ ਉਹ ਦੂਸਰੇ ਸਾਥੀਆਂ ਸਮੇਤ ਕਾਰ ਵਿੱਚ ਆਇਆ। ਇਨ੍ਹਾਂ ਵਿੱਚੋਂ ਦੋ ਜਣਿਆਂ ਦੇ ਕੋਲ ਪਿਸਤੌਲ ਸੀ। ਉਨ੍ਹਾਂ ਨੇ ਕਾਰ 'ਚੋਂ ਉਤਰਦੇ ਹੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਤਿੰਨ ਘਰਾਂ 'ਤੇ 22 ਫਾਇਰ ਕੀਤੇ। ਪਹਿਲਾਂ ਉਸ ਨੇ ਪਿੰਡ ਦੇ ਸਰਪੰਚ ਦੇ ਘਰ ਫਾਇਰਿੰਗ ਕੀਤੀ। ਫਿਰ ਅੰਗਰੇਜ਼ ਸਿੰਘ ਦੇ ਘਰ 'ਤੇ ਫਾਇਰਿੰਗ ਕੀਤੀ, ਜਿਸ ਵਿੱਚ ਅੰਗਰੇਜ਼ ਸਿੰਘ ਦੇ ਪਿਤਾ ਜ਼ਖਮੀ ਹੋ ਗਏ। ਉਸ ਪਿੱਛੋਂ ਪਿੰਡ ਦੀ ਢਾਣੀ ਵਿੱਚ ਰਹਿੰਦੇ ਫੁੰਮਣ ਸਿੰਘ ਦੀ ਦੁਕਾਨ ਉੱਤੇ ਵੀ ਗੋਲੀਆਂ ਚਲਾਈਆਂ। ਇਨ੍ਹਾਂ ਸਾਰੇ ਲੋਕਾਂ ਨੇ ਭੱਜ ਕੇ ਜਾਨ ਬਚਾਈ। ਇਸ ਪਿੱਛੋਂ ਉਹ ਸਾਥੀਆਂ ਦੇ ਨਾਲ ਫਰਾਰ ਹੋ ਗਿਆ। ਜ਼ਖਮੀ ਨੂੰ ਪੁਲਸ ਨੇ ਹਸਪਤਾਲ ਭਰਤੀ ਕਰਾਇਆ। ਤਸਕਰ ਜਾਂਦੇ ਹੋਏ ਧਮਕੀ ਦੇ ਗਿਆ ਸੀ ਕਿ ਜੋ ਇਸ ਨੂੰ ਹਸਪਤਾਲ ਲੈ ਕੇ ਜਾਏਗਾ ਉਹ ਉਸ ਨੂੰ ਮਾਰ ਦੇਵੇਗਾ।



## ਬਿਜਲੀ-ਪਾਣੀ ਮੁਫਤ ਹੋਣ ਪਿੱਛੋਂ ਦਿੱਲੀ ਦੇ ਵਾਸੀਆਂ ਨੂੰ ਇੰਟਰਨੈਟ ਵੀ ਮੁਫ਼ਤ ਮਿਲੇਗਾ



ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਔਰਤਾਂ ਲਈ ਮੈਟਰੋ ਅਤੇ ਡੀ ਟੀ ਸੀ ਬੱਸਾਂ ਵਿੱਚ ਮੁਫ਼ਤ ਸਵਾਰੀ ਤੇ ਗਰੀਬਾਂ ਲਈ ਮੁਫ਼ਤ ਬਿਜਲੀ ਦੇਣ ਦੇ ਐਲਾਨ ਮਗਰੋਂ ਆਮ ਆਦਮੀ ਪਾਰਟੀ ਦੀ ਸਰਕਾਰ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਮੁਫ਼ਤ ਇੰਟਰਨੈਟ ਵੀ ਦੇਣ ਜਾ ਰਹੀ ਹੈ।

ਅੱਜ ਵੀਰਵਾਰ ਨੂੰ ਦਿੱਲੀ ਸਰਕਾਰ ਨੇ ਕੈਬਨਿਟ ਬੈਠਕ ਵਿੱਚ ਕਈ ਅਹਿਮ ਫ਼ੈਸਲੇ ਲਏ, ਜਿਨ੍ਹਾਂ ਵਿੱਚ ਸਰਕਾਰ ਨੇ ਹਰ ਵਿਧਾਨ ਸਭਾ ਖੇਤਰ ਵਿੱਚ 2000 ਹੋਰ ਸੀ ਸੀ ਟੀ ਵੀ ਲਾਉਣ ਅਤੇ ਪੂਰੀ ਦਿੱਲੀ ਵਿੱਚ 11,000 ਹਾਟਸਪਾਟ ਚਾਲੂ ਕਰਨ ਦਾ ਐਲਾਨ ਕੀਤਾ ਹੈ। ਹਰ ਯੂਜ਼ਰ ਨੂੰ ਹਰ ਮਹੀਨੇ 15 ਜੀ ਬੀ ਡਾਟਾ ਮੁਫ਼ਤ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ। ਦਿੱਲੀ ਸਰਕਾਰ ਨੇ ਕਿਹਾ ਹੈ ਕਿ ਅਗਲੇ 3-4 ਮਹੀਨੇ ਵਿੱਚ ਲੋਕਾਂ ਨੂੰ ਇਹ ਸੁਵਿਧਾ ਮਿਲਣ ਲੱਗ ਜਾਵੇਗੀ।

ਮੰਤਰੀ ਮੰਡਲ ਦੀ ਬੈਠਕ ਮਗਰੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਹਾਲੇ ਦਿੱਲੀ ਦੇ ਹਰ ਵਿਧਾਨ ਸਭਾ ਹਲਕੇ ਵਿੱਚ 1000 ਸੀ ਸੀ ਟੀ ਵੀ ਕੈਮਰੇ ਲਾਉਣ ਦਾ ਕੰਮ ਚੱਲਦਾ ਸੀ, ਪਰ ਲੋਕਾਂ ਦੀ ਭਾਰੀ ਮੰਗ ਕਾਰਨ ਦਿੱਲੀ ਵਿੱਚ 1 ਲੱਖ 40 ਹਜ਼ਾਰ ਸੀ ਸੀ ਟੀ ਵੀ ਕੈਮਰੇ ਲਾਏ ਜਾਣਗੇ, ਜਿਸ ਨਾਲ ਹਰ ਵਿਧਾਨ ਸਭਾ ਹਲਕੇ ਵਿੱਚ 2000 ਸੀ ਸੀ ਟੀ ਵੀ ਕੈਮਰੇ ਹੋਰ ਲੱਗਣਗੇ। ਕੇਜਰੀਵਾਲ ਨੇ ਕਿਹਾ, 'ਕਈ ਕੇਸ ਪਤਾ ਲੱਗੇ ਹਨ, ਜਦੋਂ ਸੀ ਸੀ ਟੀ ਵੀ ਕੈਮਰਿਆਂ ਦੀ ਮਦਦ ਨਾਲ ਚੋਰੀਆਂ ਫੜੀਆਂ ਗਈਆਂ ਹਨ। ਹਰ ਵਿਧਾਨ ਸਭਾ ਖੇਤਰ ਵਿੱਚ 2000 ਹੋਰ ਸੀ ਸੀ ਟੀ ਵੀ ਕੈਮਰੇ ਲੱਗਣ ਦੇ ਨਾਲ ਦਿੱਲੀ ਦੀਆਂ ਔਰਤਾਂ ਨੂੰ ਸੁਰੱਖਿਅਤ ਰੱਖਣ ਵਿੱਚ ਬਹੁਤ ਮਦਦ ਮਿਲੇਗੀ।'

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਕੇਜਰੀਵਾਲ ਸਰਕਾਰ ਨੇ ਦਿੱਲੀ ਵਿੱਚ 200 ਯੂਨਿਟ ਤਕ ਬਿਜਲੀ ਮੁਫ਼ਤ ਕਰ ਦਿੱਤੀ ਅਤੇ 20 ਹਜ਼ਾਰ ਲੀਟਰ ਪਾਣੀ ਉਦੋਂ ਤੋਂ ਮੁਫ਼ਤ ਦਿੱਤਾ ਜਾ ਰਿਹਾ ਹੈ, ਜਦੋਂ ਆਪ ਸਰਕਾਰ ਬਣੀ ਸੀ। ਅੱਗੋਂ ਯੋਜਨਾ ਮੁਤਾਬਕ ਦਿੱਲੀ ਦੇ 70 ਵਿਧਾਨ ਸਭਾ ਖੇਤਰਾਂ ਵਿੱਚ ਹਰ ਇੱਕ ਵਿਚ ਲਗਭਗ 100 ਹਾਟਸਪਾਟ ਲਾਏ ਜਾਣਗੇ, ਜਿਨ੍ਹਾਂ ਦੇ ਰਾਊਟਰ ਜਨਤਕ ਥਾਵਾਂ, ਮੁਹੱਲਾ ਕਲੀਨਿਕ, ਪਾਰਕ, ਮਾਰਕਿਟ ਜਾਂ ਬਿਲਡਿੰਗਾਂ ਨੇੜੇ ਉੱਤੇ ਲੱਗਣਗੇ। ਬੱਸ ਅੱਡਿਆਂ ਉੱਤੇ ਵੀ 4000 ਹਾਟਸਪਾਟ ਲਾਏ ਜਾਣਗੇ। ਹਾਟ-ਸਪਾਟ ਦੇ ਆਸ-ਪਾਸ 50 ਮੀਟਰ ਦੇ ਦਾਇਰੇ ਵਿੱਚ ਲੋਕ ਵਾਈ-ਫਾਈ ਦੀ ਸਹੂਲਤ ਲੈ ਸਕਣਗੇ। ਸਾਲ 2015 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਦਿੱਲੀ ਵਾਸੀਆਂ ਨੂੰ ਮੁਫ਼ਤ ਵਾਈ-ਫ਼ਾਈ ਸਹੂਲਤ ਦੇਣ ਦਾ ਵਾਅਦਾ ਕੀਤਾ ਸੀ, ਜੋ ਇਸ ਵਕਤ ਪੂਰਾ ਕੀਤਾ ਜਾ ਰਿਹਾ ਹੈ।

## ਅਚਲ ਜਾਇਦਾਦ ਉੱਤੇ 12 ਸਾਲ ਨਾਜਾਇਜ਼ ਕਬਜ਼ੇ ਵਾਲਾ ਅਸਲੀ ਮਾਲਕ ਬਣ ਜਾਵੇਗਾ: ਸੁਪਰੀਮ ਕੋਰਟ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਕਿਸੇ ਵਿਅਕਤੀ ਦੀ ਕਿਸੇ ਅਚਲ ਜਾਇਦਾਦ ਉੱਤੇ ਕਿਸੇ ਨੇ ਕਬਜਾ ਕਰ ਲਿਆ ਹੈ ਤਾਂ ਉਸ ਨੂੰ ਹਟਾਉਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਆਪਣੀ ਜਾਇਦਾਦ ਉੱਤੇ ਕਿਸੇ ਹੋਰ ਦੇ ਗ਼ੈਰਕਾਨੂੰਨੀ ਕਬਜ਼ੇ ਨੂੰ ਚੁਣੌਤੀ ਦੇਣ ਵਿੱਚ ਜਿਸ ਕਿਸੇ ਨੇ ਦੇਰ ਕੀਤੀ, ਸੰਭਵ ਹੈ ਕਿ ਉਹ ਜਾਇਦਾਦ ਉਸ ਕੋਲੋਂ ਹਮੇਸ਼ਾ ਲਈ ਨਿਕਲ ਜਾਵੇ। ਇਸ ਸੰਬੰਧ ਵਿੱਚ ਅੱਜ ਸੁਪਰੀਮ ਕੋਰਟ ਨੇ ਇੱਕ ਵੱਡਾ ਫੈਸਲਾ ਸੁਣਾਇਆ ਹੈ।

ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਅਨੁਸਾਰ ਜੇ ਅਸਲੀ ਜਾਂ ਮਾਲਕ ਆਪਣੀ ਅਚਲ ਜਾਇਦਾਦ ਨੂੰ ਦੂਜੇ ਵਿਅਕਤੀ ਦੇ ਕਬਜ਼ੇ ਤੋਂ ਛੁਡਾਉਣ ਲਈ ਸਮਾਂ ਸੀਮਾ ਵਿੱਚ ਕਦਮ ਨਹੀਂ ਚੁੱਕਦੇ ਤਾਂ ਉਨ੍ਹਾਂ ਦਾ ਮਾਲਕੀ ਹੱਕ ਖ਼ਤਮ ਹੋ ਜਾਵੇਗਾ ਅਤੇ ਉਸ ਅਚੱਲ ਜਾਇਦਾਦ ਉੱਤੇ ਜਿਸ ਦਾ ਕਬਜ਼ਾ ਹੈ, ਉਸੇ ਨੂੰ ਕਾਨੂੰਨੀ ਤੌਰ ਉੱਤੇ ਮਾਲਕੀ ਹੱਕ ਮਿਲ ਜਾਵੇਗਾ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਇਹ ਸਪੱਸ਼ਟ ਕੀਤਾ ਹੈ ਕਿ ਸਰਕਾਰੀ ਜ਼ਮੀਨ ਉੱਤੇ ਉਲੰਘਣਾ ਨੂੰ ਇਸ ਘੇਰੇ ਵਿੱਚ ਨਹੀਂ ਰੱਖਿਆ ਜਾਵੇਗਾ, ਭਾਵ ਕਿ ਸਰਕਾਰੀ ਜ਼ਮੀਨ ਉੱਤੇ ਗ਼ੈਰਕਾਨੂੰਨੀ ਕਬਜ਼ੇ ਨੂੰ ਕਦੇ ਕੋਈ ਕਾਨੂੰਨੀ ਮਾਨਤਾ ਨਹੀਂ ਮਿਲੇਗੀ। ਮਿਊਟੇਸ਼ਨ ਐਕਟ 1963 ਦੇ ਰਾਹੀਂ ਨਿਜੀ ਅਚੱਲ ਜਾਇਦਾਦ ਬਾਰੇ ਮਿਆਦ 12 ਸਾਲ ਤੇ ਸਰਕਾਰੀ ਅਚਲ ਜਾਇਦਾਦ ਦੇ ਕੇਸ ਵਿੱਚ 30 ਸਾਲ ਹੈ। ਇਹ ਮਿਆਦ ਕਬਜ਼ਾ ਕਰਨ ਦੇ ਦਿਨ ਤੋਂ ਸ਼ੁਰੂ



ਹੁੰਦੀ ਹੈ। ਸੁਪਰੀਮ ਕੋਰਟ ਦੇ ਜੱਜ ਜਸਟਿਸ ਅਰੁਣ ਮਿਸ਼ਰਾ, ਜਸਟਿਸ ਐਸ ਅਬਦੁਲ ਨਜ਼ੀਰ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਇਸ ਕਨੂੰਨ ਬਾਰੇ ਫ਼ੈਸਲਾ ਦੇਂਦੇ ਹੋਏ ਕਿਹਾ ਕਿ ਕਾਨੂੰਨ ਉਸ ਵਿਅਕਤੀ ਦੇ ਨਾਲ ਹੈ, ਜਿਸ ਨੇ ਅਚੱਲ ਜਾਇਦਾਦ ਉੱਤੇ 12 ਸਾਲਾਂ ਤੋਂ ਵੱਧ ਸਮੇਂ ਤੋਂ ਕਬਜ਼ਾ ਕਰ ਰੱਖਿਆ ਹੈ। ਜੇ 12 ਸਾਲਾਂ ਪਿੱਛੋਂ ਉਸ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਦੇ ਕੋਲ ਉਸ ਜਾਇਦਾਦ ਉੱਤੇ ਦੁਬਾਰਾ ਅਧਿਕਾਰ ਮੰਗਣ ਲਈ ਕਨੂੰਨ ਦੀ ਸ਼ਰਣ ਜਾਣ ਦਾ ਅਧਿਕਾਰ ਹੈ।

ਅਦਾਲਤ ਨੇ ਕਿਹਾ, ਸਾਡਾ ਫੈਸਲਾ ਹੈ ਕਿ ਜਾਇਦਾਦ ਉੱਤੇ ਜਿਸ ਦਾ ਕਬਜ਼ਾ ਹੈ, ਉਸ ਨੂੰ ਕੋਈ ਦੂਸਰਾ ਵਿਅਕਤੀ ਬਿਨਾਂ ਯੋਗ ਕਾਨੂੰਨੀ ਪ੍ਰਕਿਰਿਆ ਦੇ ਹਟਾ ਨਹੀਂ ਸਕਦਾ। ਜੇ ਕਿਸੇ ਦਾ 12 ਸਾਲ ਤੋਂ ਗ਼ੈਰ ਕਾਨੂੰਨੀ ਕਬਜ਼ਾ ਹੈ ਤਾਂ ਕਾਨੂੰਨੀ ਮਾਲਕ ਦੇ ਕੋਲ ਉਸ ਨੂੰ ਹਟਾਉਣ ਦਾ ਅਧਿਕਾਰ ਨਹੀਂ ਰਹੇਗਾ। ਇਸ ਹਾਲਤ ਵਿੱਚ ਗ਼ੈਰਕਾਨੂੰਨੀ ਕਬਜ਼ੇ ਵਾਲੇ ਨੂੰ ਕਾਨੂੰਨੀ ਅਧਿਕਾਰ, ਮਾਲਕੀ ਹੱਕ ਮਿਲ ਜਾਵੇਗਾ। ਜੱਜਾਂ ਨੇ ਕਿਹਾ ਕਿ ਸਾਡੇ ਵਿਚਾਰ ਨਾਲ ਇਸ ਦਾ ਨਤੀਜਾ ਇਹ ਹੋਵੇਗਾ ਕਿ ਇੱਕ ਵਾਰ ਅਧਿਕਾਰ, ਮਾਲਕੀ ਹੱਕ ਜਾਂ ਹਿੱਸਾ ਮਿਲ ਜਾਣ ਤਾਂ ਉਸ ਨੂੰ ਕਨੂੰਨ ਦੀ ਧਾਰਾ 65 ਦੇ ਘੇਰੇ ਵਿੱਚ ਤਲਵਾਰ ਦੀ ਤਰ੍ਹਾਂ ਵਰਤ ਸਕਦਾ ਹੈ, ਉਥੇ ਮੁਦਾਲੇ ਲਈ ਇਹ ਸੁਰੱਖਿਆ ਕਵਚ ਹੋਵੇਗਾ। ਜੇ ਕਿਸੇ ਵਿਅਕਤੀ ਨੇ ਕਾਨੂੰਨ ਹੇਠ ਗ਼ੈਰਕਾਨੂੰਨੀ ਕਬਜ਼ੇ ਨੂੰ ਕਾਨੂੰਨੀ ਕਬਜ਼ੇ ਵਿੱਚ ਤਬਦੀਲ ਕਰ ਲਿਆ ਤਾਂ ਜਬਰਦਸਤੀ ਹਟਾਉਣ ਉੱਤੇ ਉਹ ਕਨੂੰਨ ਦੀ ਮਦਦ ਲੈ ਸਕਦਾ ਹੈ। ਇਸ ਫੈਸਲੇ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜੇ ਕਿਸੇ ਨੇ 12 ਸਾਲ ਤੱਕ ਗ਼ੈਰਕਾਨੂੰਨੀ ਕਬਜ਼ਾ ਜਾਰੀ ਰੱਖਿਆ ਤੇ ਉਸ ਪਿੱਛੋਂ ਉਸ ਨੂੰ ਕਾਨੂੰਨ ਹੇਠ ਮਾਲਕੀ ਹੱਕ ਮਿਲ ਗਿਆ ਤਾਂ ਉਸ ਨੂੰ ਕੋਈ ਨਹੀਂ ਹਟਾ ਸਕਦਾ।

## ਜੰਮੂ-ਕਸ਼ਮੀਰ ਨੂੰ ਇਕ ਲੱਖ ਕਰੋੜ ਦਾ ਪੈਕੇਜ ਮਿਲੇਗਾ!

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਧਾਰਾ 370 ਦੇ ਦੋ ਹਿੱਸਿਆਂ ਨੂੰ ਖਤਮ ਕਰਨ ਦੇ ਬਾਅਦ ਕੇਂਦਰ ਸਰਕਾਰ ਇੱਕ ਰਾਜ ਨੂੰ ਤੋੜ ਕੇ ਬਣਾਏ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਅਤੇ ਲੱਦਾਖ ਲਈ ਇਕ ਲੱਖ ਕਰੋੜ ਰੁਪਏ ਦੇ ਪੈਕੇਜ ਦੇਣ ਦੀ ਤਿਆਰੀ ਕਰ ਰਹੀ ਹੈ। ਇਸ ਬਾਰੇ ਜਲਦੀ ਹੀ ਐਲਾਨ ਕੀਤਾ ਜਾ ਸਕਦਾ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਇਸ ਦਾ ਐਲਾਨ ਕਰ ਸਕਦੇ ਹਨ। ਵਰਨਣ ਯੋਗ ਹੈ ਕਿ ਜੰਮੂ ਕਸ਼ਮੀਰ ਦੀ ਅਰਥ ਵਿਵਸਥਾ ਦੀ ਹਾਲਤ ਬਦਤਰ ਹੈ ਅਤੇ ਸਰਕਾਰ ਦਾ ਮੰਨਣਾ ਹੈ ਕਿ ਧਾਰਾ 370 ਦੇ ਕਾਰਨ ਉਸ ਦਾ ਵਿਕਾਸ ਨਹੀਂ ਹੋ ਸਕਿਆ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਇਸ ਦੇ ਬਾਅਦ ਸਰਕਾਰ ਦੀ ਅਗਲੀ ਪਹਿਲ ਜੰਮੂ ਤੇ ਕਸ਼ਮੀਰ ਦਾ ਵਿਕਾਸ ਕਰਨਾ ਹੋ ਸਕਦੀ ਹੈ।

## ਭਾਰਤ ਵਿਚ ਪਹਿਲੀ ਵਾਰ ਨਦੀ ਹੇਠਾਂ ਟਰੇਨ ਦੌੜੇਗੀ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਭਾਰਤ ਵਿਚ ਜਲਦੀ ਹੀ ਪਹਿਲੀ ਵਾਰ ਕਿਸੇ ਨਦੀ ਦੇ ਹੇਠੋਂ ਮੈਟਰੋ ਟਰੇਨ ਗੁਜ਼ਰੇਗੀ। ਕੋਲਕਾਤਾ ਦੀ ਹੁਗਲੀ ਨਦੀ ਹੇਠੋਂ ਇਹ ਟਰੇਨ ਲੰਘੇਗੀ, ਜਿਸ ਦਾ ਕੰਮ ਲਗਭਗ ਪੂਰਾ ਹੋ ਚੁੱਕਾ ਹੈ ਅਤੇ ਜਲਦੀ ਹੀ ਇਸ ਦੀ ਸ਼ੁਰੂਆਤ ਹੋ ਜਾਵੇਗੀ। ਇਹ ਸੁਰੰਗ 520 ਮੀਟਰ ਲੰਬੀ ਤੇ ਲਗਭਗ 30 ਮੀਟਰ ਡੂੰਘੀ ਹੈ। ਨਦੀ ਦੇ ਹੇਠੋਂ ਹੋ ਕੇ ਜਾਣ ਵਾਲੀ ਮੈਟਰੋ ਨੂੰ ਇਹ ਸੁਰੰਗ ਪਾਰ ਕਰਨ ਵਿਚ ਕੁੱਲ 60 ਸੈਕਿੰਡ ਦਾ ਸਮਾਂ ਲੱਗੇਗਾ।

ਰੇਲ ਮੰਤਰੀ ਪਿਊਸ਼ ਗੋਇਲ ਨੇ ਅੱਜ ਇਕ ਵੀਡੀਓ ਟਵੀਟ ਕੀਤੀ ਤੇ ਦੱਸਿਆ ਕਿ ਜਲਦੀ ਹੀ ਇਹ ਟਰੇਨ ਚੱਲਣ ਲੱਗ ਪਵੇਗੀ। ਉਨ੍ਹਾਂ ਨੇ ਵੀਡੀਓ ਟਵੀਟ ਕਰਦੇ ਹੋਏ ਲਿਖਿਆ ਹੈ ਕਿ 'ਭਾਰਤ ਦੀ ਪਹਿਲੀ ਅੰਡਰ ਵਾਟਰ ਟਰੇਨ ਛੇਤੀ ਹੀ ਕੋਲਕਾਤਾ ਵਿਚ ਹੁਗਲੀ ਨਦੀ ਹੇਠੋਂ ਚੱਲਣ ਲੱਗ ਪਵੇਗੀ। ਸ਼ਾਨਦਾਰ ਇੰਜੀਨੀਅਰਿੰਗ ਦੀ ਮਿਸਾਲ ਇਹ ਗੱਡੀ ਚੱਲਣ ਨਾਲ ਕੋਲਕਾਤਾ ਵਾਸੀਆਂ ਨੂੰ ਸਹੂਲਤਾਂ ਅਤੇ ਦੇਸ਼ ਨੂੰ ਮਾਣ ਮਹਿਸੂਸ ਹੋਵੇਗਾ'। ਇਸ ਵੀਡੀਓ ਵਿਚ ਕਿਹਾ ਗਿਆ ਹੈ ਕਿ ਪਹਿਲੀ ਅੰਡਰ ਵਾਟਰ ਕੋਲਕਾਤਾ ਮੈਟਰੋ ਸਾਲਟ ਲੇਕ ਸੈਕਟਰ ਤੋਂ ਹਾਵੜਾ ਮੈਦਾਨ ਤੱਕ ਯਾਤਰਾ ਕਰਨ ਲਈ ਲਗਭਗ ਤਿਆਰ ਹੈ। ਦੋ ਫੇਜ਼ਾਂ ਵਿਚ ਵੰਡੀ ਇਸ ਲਾਈਨ ਵਿਚ ਫੈਜ਼-1 ਨੂੰ ਛੇਤੀ ਹੀ ਆਮ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ। ਕੋਲਕਾਤਾ ਵਾਸੀਆਂ ਲਈ ਇਹ ਬੇਹੱਦ ਰਾਹਤ ਦਾ ਕਦਮ ਹੈ। ਅੰਡਰ ਵਾਟਰ ਟਰੇਨ ਨੂੰ ਪਾਣੀ ਤੋਂ ਬਚਾਉਣ ਲਈ ਚਾਰ ਉੱਚ ਪੱਧਰੀ ਸੁਰੱਖਿਆ ਕਵਚ ਲਾਏ ਗਏ ਹਨ ਤੇ ਇਹ 520 ਮੀਟਰ ਲੰਬੀ ਦੋਹਰੀ ਸੁਰੰਗ ਹੈ, ਜਿਸ ਵਿਚ ਇਕ ਪੂਰਬ ਵੱਲ ਤੇ ਦੂਜੀ ਪੱਛਮ ਵੱਲ ਜਾਂਦੀ ਹੈ। ਇਸ ਦਾ ਨਿਰਮਾਣ ਨਦੀ ਦੇ ਤਲ ਤੋਂ 30 ਮੀਟਰ ਹੇਠਾਂ ਕੀਤਾ ਗਿਆ ਹੈ।

## ਮੈਰੀ ਕਾਮ ਦੀ ਚੋਣ ਪਿੱਛੋਂ ਨਾਰਾਜ਼ ਨਿਕਹਤ ਨੇ ਟਰਾਇਲ ਦੀ ਮੰਗ ਕੀਤੀ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਛੇ ਵਾਰ ਦੀ ਵਾਰ ਵਿਸ਼ਵ ਚੈਂਪੀਅਨ ਐੱਮ ਸੀ ਮੈਰੀ ਕਾਮ ਅਤੇ ਲਵਲੀਨਾ ਬੋਰਗੋਹੇਨ ਨੂੰ ਅਗਲੀ ਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਲਈ ਚੁਣਿਆ ਗਿਆ ਹੈ, ਪਰ ਇਸ ਫੈਸਲੇ ਤੋਂ ਪਹਿਲਾਂ ਜੂਨੀਅਰ ਵਿਸ਼ਵ ਚੈਂਪੀਅਨ ਨਿਕਹਤ ਜਰੀਨ ਕਾਫੀ ਨਾਰਾਜ਼ ਹੈ ਅਤੇ ਟਰਾਇਲ ਦੀ ਮੰਗ ਕੀਤੀ ਹੈ। ਵਿਸ਼ਵ ਚੈਂਪੀਅਨਸ਼ਿਪ ਰੂਸ ਵਿੱਚ ਤਿੰਨ ਤੋਂ 13 ਅਕਤੂਬਰ ਤੱਕ ਖੇਡੀ ਜਾਣੀ ਹੈ। ਮੈਰੀ ਕਾਮ ਨੂੰ 51 ਕਿਲੋਗਰਾਮ ਵਰਗ ਅਤੇ ਲਵਲੀਨਾ ਨੂੰ 69 ਕਿਲੋਗਰਾਮ ਵਰਗ ਵਿੱਚ ਚੁਣਿਆ ਗਿਆ ਹੈ। 23 ਸਾਲ ਦੀ ਨਿਕਹਤ ਨੇ ਪਿਛਲੇ ਦਿਨੀਂ ਥਾਈਲੈਂਡ ਵਿੱਚ ਹੋਏ ਟੂਰਨਾਮੈਂਟ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਸੀ ਅਤੇ ਉਹ 51 ਕਿਲੋ-ਗਰਾਮ ਭਾਰ ਦੇ ਟਰਾਇਲ ਵਿੱਚ ਮੈਰੀ ਕਾਮ ਨੂੰ ਚੁਣੌਤੀ ਦੇਣ ਦੀ ਆਸ ਲਾਈ ਬੈਠੀ ਸੀ। ਇਸ ਹੈਦਰਾਬਾਦ ਦੀ ਮੁੱਕੇਬਾਜ਼ ਨੇ ਭਾਰਤ ਦੀ ਮੁੱਕੇਬਾਜ਼ੀ ਫੈਡਰੇਸ਼ਨ (ਬੀ ਐੱਫ ਆਈ) ਨੂੰ ਲਿਖੇ ਪੱਤਰ ਵਿੱਚ ਦੋਸ਼ ਲਾਇਆ ਕਿ ਉਸ ਨੂੰ ਕੱਲ੍ਹ ਵਨਲਾਲ ਦੁਆਤੀ ਦੇ ਖਿਲਾਫ ਟਰਾਇਲ ਬਾਊਟ ਵਿੱਚ ਹਿੱਸਾ ਲੈਣ ਤੋਂ ਰੋਕਿਆ ਗਿਆ ਅਤੇ ਅਜਿਹਾ ਮੁੱਖ ਚੋਣ ਕਰਤਾ ਰਾਜੇਸ਼ ਭੰਡਾਰੀ ਨੇ ਕੀਤਾ। ਇਸ ਬਾਰੇ ਭੰਡਾਰੀ ਨੇ ਕਿਹਾ, ਸਾਨੂੰ ਮੈਰੀ ਕਾਮ ਦੇ ਕੋਚ (ਛੋਟੇ ਲਾਲ ਯਾਦਵ) ਦੀ ਪੇਸ਼ਕਸ਼ ਮਿਲੀ ਅਤੇ ਇਸ 'ਤੇ ਵਿਚਾਰ ਕਰਨ ਦੇ ਬਾਅਦ ਸਾਨੂੰ ਮਹਿਸੂਸ ਹੋਇਆ ਕਿ ਮੈਰੀ ਕਾਮ ਨੇ ਟਰਾਇਲ ਬਿਨਾਂ ਚੁਣੇ ਜਾਣ ਲਈ ਕਾਫੀ ਕੁਝ ਕੀਤਾ ਹੈ। ਬੀ ਐਫ ਆਈ ਤੋਂ ਇਸ ਮੁੱਦੇ ਉਤੇ ਸਲਾਹ ਲਈ ਸੀ।

## ਚਰਚ ਨੇ ਰੇਪ ਪੀੜਤ ਨੰਨ ਦਾ ਸਾਥ ਦੇਣ ਵਾਲੀ ਸਿਸਟਰ ਨੂੰ ਕੱਢ ਦਿੱਤਾ

ਕੋਚੀ, 8 ਅਗਸਤ (ਪੋਸਟ ਬਿਊਰੋ)- ਕੇਰਲ ਵਿੱਚ ਇੱਕ ਬਲਾਤਕਾਰ ਪੀੜਤ ਨੰਨ ਦਾ ਸਾਥ ਦੇਣ ਵਾਲੀ ਸਿਸਟਰ ਲੂਸੀ ਕਲਾਪਪੁਰਾ ਨੂੰ ਫ੍ਰਾਂਸਿਸਕਨ ਕਲੈਰਿਸਟ ਕਾਨਗ੍ਰੇਗੇਸ਼ਨ (ਧਰਮ ਸਭਾ) ਤੋਂ ਕੱਢ ਦਿੱਤਾ ਗਿਆ ਹੈ। ਅੱਗੇ ਤੋਂ ਉਹ ਨੰਨ ਨਹੀਂ ਰਹੇਗੀ। ਧਰਮ ਸਭਾ ਨੇ ਪੰਜ ਅਗਸਤ ਨੂੰ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਧਰਮ ਸਭਾ ਦੀ ਇਜਾਜ਼ਤ ਦੇ ਬਿਨਾਂ ਕਵਿਤਾ ਪ੍ਰਕਾਸ਼ਿਤ ਕਰਵਾਈ ਤੇ ਕਾਰ ਖਰੀਦੀ ਹੈ ਅਤੇ ਸਾਬਕਾ ਬਿਸ਼ਪ ਦੇ ਖਿਲਾਫ ਪ੍ਰਦਰਸ਼ਨ ਕੀਤਾ ਅਤੇ ਟੀ ਵੀ ਸ਼ੋਅ ਵਿੱਚ ਵੀ ਸ਼ਾਮਲ ਹੋਣ ਦੇ ਨਾਲ ਹੀ ਸੋਸ਼ਲ ਮੀਡੀਆ ਉੱਤੇ ਵੀ ਸਰਗਰਮ ਹੈ। ਇਸ ਨੰਨ ਦੇ ਲਈ ਤੈਅ ਪੋਸ਼ਾਕ ਨਾ ਪਹਿਨਣ ਤੇ ਸਮੇਂ 'ਤੇ ਨਾ ਆਉਣ ਦੇ ਵੀ ਦੋਸ਼ ਲਾਏ ਗਏ ਹਨ।

ਇਸ ਬਾਰੇ ਜਾਰੀ ਕੀਤੇ ਦੋਸ਼ ਪੱਤਰ ਮੁਤਾਬਕ ਸਿਸਟਰ ਲੂਸੀ ਨੇ ਧਰਮ ਸਭਾ ਦੇ ਨਿਯਮ ਤੋੜਨ ਵਾਲੀ ਜੀਵਨ ਸ਼ੈਲੀ ਅਪਣਾਈ ਅਤੇ ਫਿਰ ਗਲਤੀ ਸੁਧਾਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਲਈ ਉਨ੍ਹਾਂ ਨੂੰ ਚਰਚ 'ਚੋਂ ਕੱਢਿਆ ਜਾ ਰਿਹਾ ਹੈ। ਉਨ੍ਹਾਂ ਨੂੰ 10 ਦਿਨ ਵਿੱਚ ਆਪਣਾ ਕਾਨਵੈਂਟ ਛੱਡਣ ਦਾ ਹੁਕਮ ਦੇ ਦਿੱਤਾ ਗਿਆ ਹੈ। ਲੂਸੀ ਕਲਾਪਪੁਰਾ ਉਨ੍ਹਾਂ ਪੰਜ ਨੰਨਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ 2014 ਤੋਂ 2016 ਦਰਮਿਆਨ ਇੱਕ ਹੋਰ ਨੰਨ ਨਾਲ ਬਲਾਤਕਾਰ ਹੋਣ ਦੇ ਖਿਲਾਫ ਆਵਾਜ਼ ਉਠਾਈ ਸੀ। ਇਸ ਮਾਮਲੇ ਵਿੱਚ ਜਲੰਧਰ ਦੇ ਆਰਚਬਿਸ਼ਪ ਫਰਾਂਕੋ ਮੁਲੱਕਲ ਮੁੱਖ ਦੋਸ਼ੀ ਹਨ। ਪੰਜਾਂ ਨੰਨਾਂ ਨੇ ਪੀੜਤ ਨੰਨ ਦੇ ਸਮਰਥਨ ਵਿੱਚ ਕੇਰਲ ਹਾਈ ਕੋਰਟ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ ਸੀ।



ਲੂਸੀ ਇਸ ਵਕਤ ਕੇਰਲ ਦੇ ਵਾਇਨ-ਾਡ ਵਿੱਚ ਦਵਾਰਕਾ ਸੈਕ੍ਰੇਡ ਹਾਰਟ ਸਕੂਲ ਵਿੱਚ ਤੈਨਾਤ ਹੈ। ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਕਿ ਉਨ੍ਹਾਂ ਨੇ ਚਰਚ ਦੇ ਵਿਰੁੱਧ ਜਾ ਕੇ ਫਰਾਂਕੋ ਮੁਲ-ੱਕਲ ਦਾ ਵਿਰੋਧ ਕੀਤਾ ਹੈ। ਧਰਮ ਸਭਾ ਦੇ ਸੁਪੀਰੀਅਰ ਜਨਰਲ ਐਨ ਜੋਸੇਫ ਨੇ ਪੰਜ ਅਗਸਤ ਨੂੰ ਲੂਸੀ ਦੇ ਨਾਂਅ ਖ਼ਤ ਜਾਰੀ ਕਰ ਕੇ ਇਹ ਲਿਖਿਆ ਹੈ ਕਿ ਉਨ੍ਹਾਂ ਨੂੰ ਧਰਮ ਸਭਾ ਦੇ ਨਿਯਮਾਂ ਦਾ ਉਲੰਘਣ ਕਰਨ 'ਤੇ ਨਾ ਕੋਈ ਪਛਤਾਵਾ ਜ਼ਾਹਿਰ ਕੀਤਾ ਅਤੇ ਨਾ ਕੋਈ ਤਸੱਲੀ ਬਖਸ਼ ਜਵਾਬ ਦਿੱਤਾ।

ਇਸ ਤੋਂ ਪਹਿਲਾਂ 11 ਮਈ 2019 ਨੂੰ ਜਨਰਲ ਕੌਂਸਲ ਦੀ ਇੱਕ ਬੈਠਕ ਦੀ ਵੋਟਿੰਗ ਨਾਲ ਲੂਸੀ ਨੂੰ ਹਟਾਉਣ ਦਾ ਫੈਸਲਾ ਕੀਤਾ ਗਿਆ ਸੀ। ਫੈਸਲੇ ਨੂੰ ਵੈਟੀਕਨ ਦੀ ਮਨਜ਼ੂਰੀ ਲਈ ਭੇਜਿਆ ਗਿਆ। ਜਵਾਬ ਵਿੱਚ ਵੈਟੀਕਨ ਨੇ ਨੰਨ ਉਤੇ ਲੱਗੇ ਦੋਸ਼ ਸਹੀ ਪਾਏ ਅਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦਾ ਹੁਕਮ ਦੇ ਦਿੱਤਾ ਗਿਆ। ਧਰਮ ਸਭਾ ਦੇ ਹੁਕਮ ਪਿੱਛੋਂ ਲੂਸੀ ਨੇ ਕਿਹਾ ਕਿ ਉਹ ਆਪਣੀ ਜਗ੍ਹਾ ਛੱਡ ਕੇ ਨਹੀਂ ਜਾਏਗੀ ਤੇ ਕਾਨੂੰਨੀ ਲੜਾਈ ਲੜੇਗੀ। ਸਤੰਬਰ 2018 ਵਿੱਚ ਫਰਾਂਕੋ ਦੇ ਵਿਰੋਧ ਵਿੱਚ ਪੰਜ ਨੰਨਾਂ ਨੇ ਪ੍ਰਦਰਸ਼ਨ ਕੀਤਾ ਸੀ। ਓਦੋਂ ਤੋਂ ਇਨ੍ਹਾਂ ਨੰਨਾਂ ਨੇ ਚਰਚ ਵੱਲੋਂ ਦਬਾਅ ਦੇ ਦੋਸ਼ ਲਗਾਏ ਹਨ। ਸਤੰਬਰ ਦੇ ਪ੍ਰਦਰਸ਼ਨ ਪਿੱਛੋਂ ਲੂਸੀ ਨੂੰ ਬਾਈਬਲ ਪੜ੍ਹਾਉਣ ਅਤੇ ਪ੍ਰਾਰਥਨਾ ਸਭਾ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ ਸੀ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਤਾਲਿਬਾਨ ਸਰਗਣੇ ਨੇ ਅਮਰੀਕਾ ਸਰਕਾਰ ਦੇ ਇਰਾਦੇ ਉੱਤੇ ਸ਼ੱਕ ਪ੍ਰਗਟਾਇਆ

ਕਾਬੁਲ, 8 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ 18 ਸਾਲਾਂ ਤੋਂ ਚੱਲਦਾ ਸੰਘਰਸ਼ ਮੁਕਾਉਣ ਲਈ ਸ਼ਾਂਤੀ ਵਾਰਤਾ ਕਰ ਰਹੇ ਤਾਲਿਬਾਨ ਦੇ ਸਰਗਣਾ ਮੁੱਲਾ ਹੈਬਤੁੱਲਾ ਅਖੁੰਦਜ਼ਾਦਾ ਨੂੰ ਅਮਰੀਕਾ ਦੇ ਇਰਾਦੇ ਉੱਤੇ ਸ਼ੰਕਾ ਹੈ। ਉਸ ਨੇ ਕਿਹਾ ਕਿ ਸੰਭਾਵੀ ਸਮਝੌਤੇ ਬਾਰੇ ਅਮਰੀਕਾ ਨੇ ਸ਼ੰਕੇ ਤੇ ਬੇਵਸਾਹੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ।



ਤਾਲਿਬਾਨ ਦੇ ਸਰਗਣੇ ਦਾ ਇਹ ਬਿਆਨ ਓਦੋਂ ਆਇਆ ਹੈ ਜਦੋਂ ਅਮਰੀਕਾ ਤੇ ਤਾਲਿਬਾਨ ਵਿਚਾਲੇ ਇਸੇ ਹਫ਼ਤੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਫਿਰ ਵਾਰਤਾ ਸ਼ੁਰੂ ਹੋ ਚੁੱਕੀ ਹੈ। ਮੰਨਿਆ ਜਾਂਦਾ ਹੈ ਕਿ ਇਸ ਵਾਰ ਅਫ਼ਗਾਨਿਸਤਾਨ ਤੋਂ ਅਮਰੀਕੀ ਬਲਾਂ ਦੀ ਵਾਪਸੀ ਸਮੇਤ ਕਈ ਅਹਿਮ ਗੱਲਾਂ ਦੇ ਸਮਝੌਤੇ ਉੱਤੇ ਮੋਹਰ ਲੱਗ ਸਕਦੀ ਹੈ। ਹੈਬਤੁੱਲਾ ਨੇ ਵੀਰਵਾਰ ਨੂੰ ਕਿਹਾ, 'ਤਾਲਿਬਾਨ ਅਮਰੀਕੀ ਵਫ਼ਦ ਨਾਲ ਬੜੀ ਗੰਭੀਰਤਾ ਨਾਲ ਗੱਲ ਕਰ ਰਿਹਾ ਹੈ ਤੇ 18 ਸਾਲ ਤੋਂ ਜਾਰੀ ਸੰਘਰਸ਼ ਨੂੰ ਖ਼ਤਮ ਕਰਨ ਲਈ ਇਮਾਨਦਾਰੀ ਦੀ ਮੰਗ ਕਰਦਾ ਹੈ, ਪਰ ਗੱਲਬਾਤ ਦੀ ਪ੍ਰਕਿਰਿਆ ਦੌਰਾਨ ਅਮਰੀਕਾ ਨੇ ਸਿਵਲ ਇਲਾਕਿਆਂ ਵਿੱਚ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਦੀ ਫ਼ੌਜ ਤੇ ਸਿਆਸੀ ਅਧਿਕਾਰੀਆਂ ਦੇ ਵੱਖ-ਵੱਖ ਬਿਆਨਾਂ ਨਾਲ ਗੱਲਬਾਤ ਦੀ ਪ੍ਰਕਿਰਿਆ ਅਤੇ ਉਨ੍ਹਾਂ ਦੇ ਇਰਾਦੇ ਉੱਤੇ ਬੇਭਰੋਸਗੀ ਦੇ ਬੱਦਲ ਮੰਡਲਾ ਰਹੇ ਹਨ। ਕਿਸੇ ਵੀ ਸਫਲ ਗੱਲਬਾਤ ਦੀ ਬੁਨਿਆਦ ਦੁਵੱਲਾ ਭਰੋਸਾ ਹੈ। ਇਸ ਲਈ ਏਦਾਂ ਦੇ ਨਕਾਰਾਤਮਕ ਕੰਮਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ।'

ਅਮਰੀਕਾ ਤੇ ਤਾਲਿਬਾਨ ਵਿਚਾਲੇ ਪਿਛਲੇ ਸਾਲ ਦੇ ਅੰਤ ਤੋਂ ਦੋਹਾ ਵਿੱਚ ਗੱਲਬਾਤ ਚੱਲ ਰਹੀ ਹੈ। ਇਸ ਦੇ ਚੱਲਣ ਦੌਰਾਨ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਹਮਲਿਆਂ ਵਿੱਚ ਕਮੀ ਨਹੀਂ ਆਈ। ਵਾਰਤਾ ਵਿੱਚ ਤਾਲਿਬਾਨ ਦੇ ਵਿਰੋਧ ਕਾਰਨ ਅਫ਼ਗਾਨ ਸਰਕਾਰ ਨੂੰ ਸ਼ਾਮਲ ਨਹੀਂ ਕੀਤਾ ਗਿਆ। ਅਫ਼ਗਾਨਿਸਤਾਨ ਵਿੱਚ ਇਸ ਸਮੇਂ ਕਰੀਬ 20 ਹਜ਼ਾਰ ਵਿਦੇਸ਼ੀ ਫੌਜੀ ਹਨ। ਇਨ੍ਹਾਂ ਵਿੱਚ ਬਹੁਤੇ ਅਮਰੀਕੀ ਹਨ। ਇਹ ਸੈਨਿਕ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਮਿਸ਼ਨ ਹੇਠ ਅਫ਼ਗਾਨ ਬਲਾਂ ਨੂੰ ਸਿਖਲਾਈ, ਸਹਾਇਤਾ ਅਤੇ ਸਲਾਹ ਦੇ ਰਹੇ ਦੱਸੇ ਜਾਂਦੇ ਹਨ।

# ਪਿਤਾ ਨਵਾਜ਼ ਸ਼ਰੀਫ ਨੂੰ ਮਿਲਣ ਜੇਲ੍ਹ ਗਈ ਧੀ ਮਰੀਅਮ ਨਵਾਜ਼ ਵੀ ਗ੍ਰਿਫ਼ਤਾਰ

ਕਰਾਚੀ, 8 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਧੀ ਮਰੀਅਮ ਨਵਾਜ਼ ਨੂੰ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਐੱਨ ਏ ਬੀ) ਨੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੀ ਗ੍ਰਿਫਤਾਰੀ ਉਦੋਂ ਹੋਈ, ਜਦੋਂ ਉਹ ਆਪਣੇ ਪਿਤਾ ਨੂੰ ਮਿਲਣ ਲਈ ਅੱਜ ਜੇਲ੍ਹ ਵਿੱਚ ਪਹੁੰਚੀ ਸੀ।



ਵਰਨਣ ਯੋਗ ਹੈ ਕਿ ਤਿੰਨ ਵਾਰੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਨਵਾਜ਼ ਸ਼ਰੀਫ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਪਿਛਲੇ ਸਾਲ 24 ਦਸੰਬਰ ਤੋਂ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ। ਪਾਕਿਸਤਾਨੀ ਮੀਡੀਆ ਨੇ ਅੱਜ ਮਰੀਅਮ ਨਵਾਜ਼ ਦੀ ਗ੍ਰਿਫਤਾਰੀ ਹੋਣ ਬਾਰੇ ਜਾਣਕਾਰੀ ਦਿੱਤੀ ਹੈ। ਪਿਛਲੇ ਦਿਨੀਂ ਐੱਨ ਏ ਬੀ ਨੇ ਮਨੀ ਲਾਂਡਰਿੰਗ ਤੇ ਆਮਦਨ ਤੋਂ ਵੱਧ ਸੰਪਤੀ ਨਾਲ ਜੁੜੇ ਕੇਸ ਵਿੱਚ ਵਿਰੋਧੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਤੋਂ ਪੁੱਛਗਿੱਛ ਕੀਤੀ ਸੀ। 45 ਸਾਲਾ ਮਰੀਅਮ ਤੋਂ ਇਹ ਪੁੱਛਗਿੱਛ ਬੁੱਧਵਾਰ ਨੂੰ ਠੋਕਰ ਨਿਆਜ਼ ਬੇਗ ਵਾਲੇ ਐੱਨ ਏ ਬੀ ਦੇ ਦਫਤਰ ਵਿੱਚ ਹੋਈ ਸੀ। ਓਸੇ ਕੇਸ ਵਿੱਚ ਉਨ੍ਹਾਂ ਦੀ ਗ੍ਰਿਫਤਾਰੀ ਹੋਈ ਹੈ।

ਪੁੱਛਗਿੱਛ ਵੇਲੇ ਐੱਨ ਏ ਬੀ ਨੇ ਮਰੀਅਮ ਨੂੰ ਚੌਧਰੀ ਖੰਡ ਮਿੱਲ ਨਾਲ ਅਰਬਾਂ ਰੁਪਏ ਦੇ ਲੈਣ-ਦੇਣ ਦੀ ਜਾਣਕਾਰੀ ਮੰਗੀ ਸੀ। ਇਸ ਖੰਡ ਮਿੱਲ ਵਿੱਚ ਨਵਾਜ਼ ਸ਼ਰੀਫ ਪਰਵਾਰ ਦੇ ਹੋਰ ਮੈਂਬਰਾਂ ਨਾਲ ਮਰੀਅਮ ਦਾ ਵੀ ਹਿੱਸਾ ਹੈ। ਮਰੀਅਮ ਨੇ ਆਪਣੇ ਜਵਾਬ ਵਿੱਚ ਦੱਸਿਆ ਕਿ ਇਸ ਦੀ ਸਾਰੀ ਜਾਣਕਾਰੀ ਪਨਾਮਾ ਪੇਪਰ ਲੀਕ ਕੇਸ ਦੀ ਜਾਂਚ ਕਰ ਰਹੀ ਸਾਂਝੀ ਜਾਂਚ ਕਮੇਟੀ ਨੂੰ ਦੇ ਦਿੱਤੀ ਗਈ ਸੀ। ਮਰੀਅਮ ਤੋਂ ਇਸ ਕੰਪਨੀ ਦੇ ਵਿਦੇਸ਼ੀ ਹਿੱਸੇਦਾਰਾਂ ਬਾਰੇ ਵੀ ਪੁੱਛਿਆ ਗਿਆ ਹੈ। ਐੱਨ ਏ ਬੀ ਨੇ ਮਰੀਅਮ ਨੂੰ ਕੇਸ ਦੀ ਪੂਰੀ ਜਾਣਕਾਰੀ ਨਾਲ 8 ਅਗਸਤ ਨੂੰ ਫਿਰ ਹਾਜ਼ਰ ਨੂੰ ਕਿਹਾ ਸੀ। ਉਸ ਦਿਨ ਐੱਨ ਏ ਬੀ ਦੇ ਦਫਤਰ ਤੋਂ ਪਰਤਣ ਪਿੱਛੋਂ ਮਰੀਅਮ ਨੇ ਇਕ ਟਵੀਟ ਵਿੱਚ ਇਹ ਕਿਹਾ ਸੀ ਕਿ ਯੋਜਨਾਬੱਧ ਤਰੀਕੇ ਨਾਲ ਉਨ੍ਹਾਂ ਤੇ ਉਨ੍ਹਾਂ ਦੇ ਪਰਵਾਰ ਨਾਲ ਸਖਤੀ ਵਰਤਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਦੋ ਐਟਮ ਮਿਲਾ ਕੇ ਇਨਸਾਨੀ ਨਹੁੰ ਤੋਂ 10 ਲੱਖ ਗੁਣਾ ਪਤਲੀ ਸੋਨੇ ਦੀ ਪਲੇਟ ਬਣਾਈ

ਲੰਡਨ, 8 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੀ ਯੂਨੀਵਰਸਿਟੀ ਆਫ ਲੀਡਸ ਦੇ ਰਿਸਰਚਰਾਂ ਨੇ ਦੁਨੀਆ ਦਾ ਸਭ ਤੋਂ ਪਤਲਾ ਸੋਨੇ ਦਾ ਰੂਪ ਤਿਆਰ ਕਰ ਲਿਆ ਹੈ। ਆਮ ਸੋਨੇ ਤੋਂ 10 ਗੁਣਾ ਉਪਯੋਗੀ ਇਸ ਸੋਨੇ ਦੀ ਪਲੇਟ ਇਨਸਾਨੀ ਨਹੁੰ ਤੋਂ ਕਰੀਬ 10 ਲੱਖ ਗੁਣਾ ਪਤਲੀ ਹੈ। ਇਹ ਗੋਲਡ ਦੋ ਐਟਮ ਨਾਲ ਮਿਲਾ ਕੇ ਬਣਾਈ ਗਈ ਹੈ ਅਤੇ ਇਸ ਦੀ ਮੋਟਾਈ 0.47 ਨੈਨੋਮੀਟਰ ਹੈ। ਇਸ ਬਹੁਤ ਪਤਲੀ ਸੋਨੇ ਦੀ ਪਲੇਟ ਦੀ ਵਰਤੋਂ ਕੈਂਸਰ ਵਿੱਚ ਉਪਯੋਗੀ ਮੈਡੀਕਲ ਇੰਸਟਰੂਮੈਂਟਸ ਅਤੇ ਇਲੈਕਟ੍ਰੋਨਿਕਸ ਇੰਡਸਟਰੀ ਵਿੱਚ ਹੋਵੇਗਾ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਸੋਨੇ ਨੂੰ ਘੱਟ ਕਠੋਰ ਧਾਤੂਆਂ ਵਿੱਚ ਗਿਣਿਆ ਜਾਂਦਾ ਹੈ। ਤਕਨੀਕ ਦੇ ਵਿਕਾਸ ਵਿੱਚ ਇਸ ਦਾ ਥ੍ਰੀ ਡੀ ਫਾਰਮ ਹੋਰ ਉਪਯੋਗੀ ਸਾਬਤ ਹੋਵੇ-ਗਾ। ਇਸ ਦੀ ਵਰਤੋਂ ਮੋੜਨ ਵਾਲੀ ਸਕਰੀਨ, ਇਲੈਕਟ੍ਰੋਨਿਕ ਇੰਕ ਅਤੇ ਪਾਰਦਰਸ਼ੀ ਸੰਚਾਲਨ ਡਿਸਪਲੇਅ ਵਿੱਚ ਵਧੇਗੀ। ਪਿਛਲੇ ਦਿਨੀਂ ਹੋਏ ਪ੍ਰੀਖਣਾਂ ਤੋਂ ਸੰਕੇਤ ਮਿਲੇ ਹਨ ਕਿ 2ਡੀ ਗੋਲਡ ਦੀ ਵਰਤੋਂ ਮੌਜੂਦਾ ਸੋਨੇ ਤੋਂ 10 ਗੁਣਾ ਵੱਧ ਪ੍ਰਭਾਵੀ ਹੋਵੇਗੀ। ਜੰਤਰਾਂ ਵਿੱਚ ਇਸ ਦੀ ਵਰਤੋਂ ਮੈਡੀਕਲ ਪ੍ਰੀਖਣਾਂ ਦੀ ਗਤੀ ਤੇ ਪਾਣੀ ਸਾਫ ਕਰਨ ਦੀ ਪ੍ਰਕਿਰਿਆ ਨੂੰ ਹੋਰ ਬਿਹਤਰ ਕਰੇਗੀ। ਇਹੀ ਨਹੀਂ ਇਸ ਦੀ ਥੋੜ੍ਹੀ ਜਿਹੀ ਮਾਤਰਾ ਨਾਲ ਮਸ਼ੀਨਰਾਂ ਦੀਆਂ ਕੀਮਤਾਂ ਤੱਕ ਵਧਣਗੀਆਂ। ਖੋਜ ਦੀ ਦੇਖ ਰੇਖ ਕਰਨ ਵਾਲੇ ਪ੍ਰੋਫੈਸਰ ਸਟੀਫਨ ਇਵੈਂਸ ਮੁਤਾਬਕ 2ਡੀ ਗੋਲਡ ਦੀ ਸਮਰੱਥਾ ਨੂੰ ਉਪਯੋਗੀ ਬਣਾਉਣ ਦੇ ਲਈ ਨਿਸ਼ਚਿਤ ਹੀ ਸਾਡੇ ਕੋਲ ਕਈ ਆਈਡੀਆ ਹਨ। ਅਸੀਂ ਇਹ ਵੀ ਜਾਣਦੇ ਹਾਂ, 2ਡੀ ਗੋਲਡ ਮੌਜੂਦਾ ਤਕਨੀਕਾਂ ਦੇ ਮੁਕਾਬਲੇ ਵਿੱਚ ਵੱਧ ਪ੍ਰਭਾਵੀ ਹੋਵੇਗਾ।

# ਪਾਕਿਸਤਾਨ ਪੁਲਸ ਨੇ ਭਾਰਤ ਪੱਖੀ ਬੈਨਰ ਹਟਾਏ, ਇੱਕ ਵਿਅਕਤੀ ਗ੍ਰਿਫਤਾਰ

ਇਸਲਾਮਾਬਾਦ, 8 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਵਿੱਚ ਉੱਚ ਸੁਰੱਖਿਆ ਵਾਲੇ ਰੈੱਡ ਜ਼ੋਨ ਸਮੇਤ ਬਾਕੀ ਹਿੱਸਿਆਂ ਵਿੱਚ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਹਟਾਉਣ ਦੇ ਭਾਰਤ ਦੇ ਫੈਸਲੇ ਦੀ ਸਿਫਤ ਵਾਲੇ ਬੈਨਰਾਂ ਨੂੰ ਅਧਿਕਾਰੀਆਂ ਨੇ ਹਟਾ ਦਿੱਤਾ ਅਤੇ ਇਸ ਸੰਬੰਧ ਵਿੱਚ ਇੱਕ ਆਦਮੀ ਗ੍ਰਿਫਤਾਰ ਕੀਤਾ ਹੈ।

ਅਖੰਡ ਭਾਰਤ ਨੂੰ ਦਿਖਾਉਣ ਵਾਲੇ ਇਨ੍ਹਾਂ ਬਹੁ-ਚਰਚਿਤ ਹੋਏ ਬੈਨਰਾਂ ਵਿੱਚ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾ ਦੇਸ਼ ਦੇ ਮੌਜੂਦਾ ਰਾਜਾਂ ਦੇ ਹਿੱਸੇ ਦਿਖਾਏ ਗਏ ਅਤੇ ਬਲੋਚਿ-ਸਤਾਨ ਬਾਰੇ ਚਿਤਾਵਨੀ ਦਿੱਤੀ ਗਈ ਹੈ। ਇਨ੍ਹਾਂ ਬੈਨਰਾਂ ਵਿੱਚ ਸ਼ਿਵ ਸੈਨਾ ਨੇਤਾ ਸੰਜੇ ਰਾਉਤ ਦਾ ਇਹ ਸੰਦੇਸ਼ ਲਿਖਿਆ ਹੈ ਕਿ ਅੱਜ ਜੰਮੂ ਕਸ਼ਮੀਰ ਲੈ ਲਿਆ ਗਿਆ ਹੈ, ਕੱਲ੍ਹ ਨੂੰ ਬਲੋਚਿਸਤਾਨ ਅਤੇ ਪੀ ਓ ਕੇ ਲਵਾਂਗੇ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸੰਯੁਕ ਭਾਰਤ ਦਾ ਸੁਫਨਾ ਪੂਰਾ ਕਰਨਗੇ। ਡਾਨ ਅਖਬਾਰ ਦੀਆਂ ਖਬਰਾਂ ਮੁਤਾ-ਬਕ ਕੱਲ੍ਹ ਪ੍ਰੈਸ ਕਲੱਬ, ਸੈਕਟਰ ਐੱਫ-6 ਦੇ ਸਾਹਮਣੇ ਗਲੀਆਂ ਅਤੇ ਅਬਪਾਰਾ ਚੌਕ ਵਿਖੇ ਇਹ ਬੈਨਰ ਲੱਗੇ ਹੋਏ ਸਨ। ਲੰਬੇ ਸਮੇਂ ਤੋਂ ਇਨ੍ਹਾਂ 'ਤੇ ਧਿਆਨ ਨਹੀਂ ਦਿੱਤਾ ਗਿਆ। ਫਿਰ ਉਥੋਂ ਲੰਘ ਰਹੇ ਕੁਝ ਲੋਕਾਂ ਨੇ ਉਨ੍ਹਾਂ ਨੂੰ ਦੇਖਿਆ ਅਤੇ ਪੁਲਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਬੈਨਰ ਹਟਾ ਦਿੱਤੇ ਗਏ। ਅਖਬਾਰ ਦੀ ਖਬਰ ਅਨੁਸਾਰ ਇਸਲਾਮਾਬਾਦ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਜਾਂਚ ਦੇ ਹੁਕਮ ਦਿੱਤੇ ਹਨ ਕਿ ਬੈਨਰ ਹਟਾਉਣ 'ਤੇ ਕਰੀਬ ਪੰਜ ਘੰਟੇ ਦੇਰੀ ਕਿਉਂ ਹੋਈ। ਖਬਰਾਂ ਮੁਤਾਬਕ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਕਿ ਮੋਟਰ ਸਾਈਕਲ ਤੇ ਸਵਾਰ ਦੋ ਜਣੇ ਕੱਲ੍ਹ ਸਵੇਰੇ ਐੱਫ-6 ਸੈਕਟਰ ਵਿੱਚ ਦਿਖਾਈ ਦਿੱਤੇ ਅਤੇ ਥੰਮ੍ਹਾਂ ਤੇ ਬੈਨਰ ਲਾਏ। ਇਹ ਹਰਕਤ ਸੇਫ ਸਿਟੀ ਪ੍ਰੋਜੈਕਟ ਦੇ ਕਮਰੇ ਵਿੱਚ ਕੈਦ ਹੋ ਗਈ ਤੇ ਪੁਲਸ ਨੇ ਕੱਲ੍ਹ ਸ਼ਾਮ ਇੱਕ

# ਮਾਦੁਰੋ ਨੇ ਅਮਰੀਕੀ ਐੱਨ ਐੱਸ ਏ ਉੱਤੇ ਜਾਨੀ ਹਮਲਾ ਕਰਾਉਣ ਦਾ ਦੋਸ਼ ਲਾਇਆ

ਬਿਊਨਸ, 8 ਅਗਸਤ (ਪੋਸਟ ਬਿਊਰੋ)- ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਅਮਰੀਕਾ ਸਰਕਾਰ ਦੇ ਕੌਮੀ ਸੁਰੱਖਿਆ ਸਲਾਹਕਾਰ ਜਾਨ ਬੋਲਟਨ 'ਤੇ ਸਨਸਨੀਖੇਜ਼ ਦੋਸ਼ ਲਾਇਆ ਹੈ। ਮਾਦੁਰੋ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਸਾਲ ਉਨ੍ਹਾਂ 'ਤੇ ਹੋਏ ਆਤਮਘਾਤੀ ਹਮਲੇ ਦੀ ਸਾਜ਼ਿਸ਼ ਬੋਲਟਨ ਨੇ ਰਚੀ ਸੀ।

ਮੰਨਿਆ ਜਾ ਰਿਹਾ ਹੈ ਕਿ ਵੈਨੇਜ਼ੁਏਲਾ ਨਾਲ ਜੁੜੀਆਂ ਸਭ ਜਾਇਦਾਦਾਂ ਫ੍ਰੀਜ਼ ਕਰਨ ਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮ ਦੇ ਜਵਾਬ ਵਿੱਚ ਮਾਦੁਰੋ ਨੇ ਇਹ ਬਿਆਨ ਦਿੱਤਾ ਹੈ। ਸਰਕਾਰੀ ਟੀ ਵੀ ਚੈਨਲ 'ਤੇ ਪ੍ਰਸਾਰਿਤ ਇੱਕ ਇੰਟਰਵਿਊ ਵਿੱਚ ਮਾਦੁਰੋ ਨੇ ਕਿਹਾ, ਆਤਮਘਾਤੀ ਹਮਲੇ ਦੇ ਇੱਕ ਸਾਲ ਪਿੱਛੋਂ ਅੱਜ ਮੇਰੇ ਕੋਲ ਸਬੂਤ ਹਨ, ਜਿਨ੍ਹਾਂ ਤੋਂ ਸਾਬਿਤ ਹੁੰਦਾ ਹੈ ਕਿ ਵ੍ਹਾਈਟ ਹਾਊਸ ਤੋਂ ਬੋਲਟਨ ਦੇ ਨਿਰਦੇਸ਼ 'ਤੇ ਹੀ ਇਹ ਹਮਲਾ ਕੀਤਾ ਗਿਆ ਸੀ। ਇਸ ਦੇ ਪਿੱਛੇ ਅਪਰਾਧਕ ਸੋਚ ਅਤੇ ਕਾਤਲ ਦਾ ਦਿਮਾਗ ਰੱਖਣ ਵਾਲੇ ਬੋਲਟਨ ਹੀ ਹਨ। ਮਾਦੁਰੋ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਬੋਲਟਨ ਦੀ ਗਤੀਵਿਧੀਆਂ ਦੀ ਜਾਂਚ ਕਰਾਉਣੀ ਚਾਹੀਦੀ ਹੈ।

ਪਿਛਲੇ ਸਾਲ ਅਗਸਤ ਵਿੱਚ ਵੈਨੇਜ਼ੁਏਲਾ ਦੀ ਰਾਜਧਾਨੀ ਕਰਾਕਸ ਵਿੱਚ ਇੱਕ ਸੈਨਿਕ ਪਰੇਡ ਦੌਰਾਨ ਮਾਦੁਰੋ ਉਤੇ ਹਮਲੇ ਦੀ ਕੋਸ਼ਿਸ਼ ਹੋਈ ਸੀ। ਮਾਦੁਰੋ ਜਿਸ ਮੰਚ ਤੋਂ ਭਾਸ਼ਣ ਦੇ ਰਹੇ ਸਨ, ਉਸ ਦੇ ਕੋਲ ਕਈ ਡਰੋਨ ਵਿੱਚ ਧਮਾਕੇ ਹੋਏ ਸਨ। ਇਸ ਹਮਲੇ ਵਿੱਚ ਮਾਦੁਰੋ ਨੂੰ ਕੋਈ ਨੁਕਸਾਨ ਨਹੀਂ ਹੋਇਆ ਸੀ, ਪਰ ਸੱਤ ਫੌਜੀ ਜ਼ਖਮੀ ਹੋ ਗਏ ਸਨ। ਤਦ ਮਾਦੁਰੋ ਨੇ ਵੈਨੇਜ਼ੁਏਲਾ ਦੇ ਸੱਜੇ ਪੱਖੀ ਵਿਰੋਧੀ ਧਿਰ, ਅਮਰੀਕਾ ਤੇ ਕੋਲੰਬੀਆ ਸਰਕਾਰ 'ਤੇ ਇਸ ਹਮਲੇ ਦਾ ਦੋਸ਼ ਲਾਇਆ ਸੀ।

# ਨਿਊਜ਼ੀਲੈਂਡ ਵਿੱਚ ਹਰਿਕਿਊਲਿਨ ਤੋਤੇ ਦੇ ਸਬੂਤ ਮਿਲੇ

ਵੈਲਿੰਗਟਨ, 8 ਅਗਸਤ (ਪੋਸਟ ਬਿਊਰੋ)- ਨਿਊਜ਼ੀਲੈਂਡ 'ਚ ਵੱਡੇ ਤੋਤੇ ਦੇ ਸਬੂਤ ਪਾਏ ਗਏ ਹਨ। ਲਗਭਗ 1.9 ਕਰੋੜ ਸਾਲ ਪਹਿਲਾਂ ਹੋਂਦ ਵਿੱਚ ਰਹੇ ਇਸ ਤੋਤੇ ਦਾ ਆਕਾਰ ਔਸਤ ਮਨੁੱਖ ਦੀ ਉਚਾਈ ਦਾ ਲਗਭਗ ਅੱਧਾ ਯਾਨੀ ਇੱਕ ਮੀਟਰ ਦੇ ਨੇੜੇ-ਤੇੜੇ ਅਤੇ ਭਾਰ ਔਸਤਨ ਸੱਤ ਕਿਲੋਗਰਾਮ ਸੀ।

ਇਹ ਜਾਣਕਾਰੀ ਬਾਇਓਲੋਜੀ ਲੈਟਰਸ ਦੇ ਨਵੇਂ ਐਡੀਸ਼ਨ ਵਿੱਚ ਪ੍ਰਕਾਸ਼ਿਤ ਜੀਵਾਸ਼ਮ ਮਾਹਰਾਂ ਦੀ ਇੱਕ ਕੌਮਾਂਤਰੀ ਟੀਮ ਨੇ ਦਿੱਤੀ ਹੈ। ਕੈਂਟਰਬਰੀ ਮਿਊਜ਼ੀਅਮ ਦੇ ਸੀਨੀਅਰ ਕਿਊਰੇਟਰ ਪਾਲ ਸਕੋਫੀਲਡ ਨੇ ਦੱਸਿਆ ਕਿ ਇਹ ਤੋਤਾ ਉਡ ਸਕਦਾ ਸੀ, ਪਰ ਸਾਡੀ ਧਾਰਨਾ ਸੀ ਕਿ ਇਹ ਉਡ ਨਹੀਂ ਸਕਦਾ। ਜਦੋਂ ਇਸ ਤੋਤੇ ਦੀਆਂ ਹੱਡੀਆਂ 2008 ਵਿੱਚ ਮਿਲੀਆਂ ਸਨ, ਉਦੋਂ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਕਿਹੜੇ ਪੰਛੀ ਦੀਆਂ ਹੋ ਸਕਦੀਆਂ ਹਨ। ਜੀਵਾਸ਼ਮ ਮਾਹਰਾਂ ਨੇ ਇਸ 'ਤੇ ਲਗਾਤਾਰ 11 ਸਾਲ ਕੰਮ ਕੀਤਾ। ਸਕੋਫੀਲਡ ਨੇ ਦੱਸਿਆ ਕਿ ਵਿਸ਼ਾਲ ਤੋਤਾ ਕਲਪਨਾ ਨਹੀਂ ਸੀ। ਪਹਿਲਾਂ ਸਾਨੂੰ ਲੱਗਾ ਕਿ ਇਹ ਇੱਕ ਖਾਸ ਤਰ੍ਹਾਂ ਦੀ ਚੀਲ ਹੋਵੇਗੀ।

# ਕਾਬੁਲ ਕਾਰ ਬੰਬ ਧਮਾਕੇ ਵਿੱਚ 20 ਮੌਤਾਂ, 145 ਜ਼ਖਮੀ



ਕਾਬੁਲ, 8 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਕੱਲ੍ਹ ਤਾਲਿਬਾਨ ਕੱਟੜਪੰਥੀਆਂ ਵੱਲੋਂ ਕੀਤੇ ਕਾਰ ਬੰਬ ਧਮਾਕੇ ਵਿੱਚ 20 ਲੋਕ ਮਾਰੇ ਗਏ ਤੇ 145 ਹੋਰ ਜ਼ਖਮੀ ਹੋ ਗਏ। ਸੁਰੱਖਿਆ ਸੂਤਰਾਂ ਵੱਲੋਂ 14 ਲੋਕਾਂ ਦੇ ਮਾਰੇ ਜਾਣ ਅਤੇ 100 ਤੋਂ ਵੱਧ ਹੋਰਾਂ ਦੇ ਜ਼ਖਮੀ ਹੋਣ ਦੀ ਪੁਸ਼ਟੀ ਕੀਤੀ ਗਈ ਹੈ।

ਗ੍ਰਿਹ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਸਵੇਰੇ 9 ਵਜੇ ਪੱਛਮੀ ਕਾਬੁਲ ਵਿੱਚ ਪੁਲਸ ਹੈਡਕੁਆਰਟਰ ਦੇ ਬਾਹਰ ਹੋਇਆ ਇਹ ਬੰਬ ਧਮਾਕਾ ਏਨਾ ਜ਼ਬਰਦਸਤ ਸੀ ਕਿ ਨੇੜਲੇ ਇਲਾਕੇ ਦੀ ਮਕਾਨਾਂ ਦੀਆਂ ਬਾਰੀਆਂ ਚੂਰ-ਚੂਰ ਹੋ ਗਈਆਂ ਤੇ ਚੁਫੇਰੇ ਕਾਲੇ ਧੂੰਏ ਦਾ ਬੱਦਲ ਛਾ ਗਿਆ। ਅਫਗਾਨ ਅਧਿਕਾਰੀਆਂ ਨੇ ਦੱਸਿਆ ਕਿ ਮਰਨ ਵਾਲਿਆਂ 'ਚ 10 ਨਾਗਰਿਕ ਤੇ ਚਾਰ ਪੁਲਸ ਅਧਿਕਾਰੀ ਸ਼ਾਮਲ ਹਨ, ਜਦ ਕਿ ਜ਼ਖਮੀ ਹੋਏ 145 ਲੋਕਾਂ 'ਚੋਂ 92 ਆਮ ਨਾਗਰਿਕ ਹਨ। ਇਸ ਹਮਲੇ ਦੀ ਤਾਲਿਬਾਨ ਨੇ ਜ਼ਿੰਮੇਵਾਰੀ ਲੈ ਲਈ ਹੈ। ਅਫਗਾਨਿਸਤਾਨ ਦੇ ਚੀਫ ਐਗਜ਼ਿਕਟਿਵ ਅਬਦੁੱਲਾ ਅਬਦੁੱਲਾ ਨੇ ਇਸ ਹਮਲੇ ਨੂੰ ਅਫਗਾਨਿਸਤਾਨ 'ਚ 28 ਸਤੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਅੜਿੱਕਾ ਪਾਉਣ ਦੀ ਕੋਸ਼ਿਸ਼ ਦੱਸਿਆ ਹੈ। ਇਹ ਧਮਾਕਾ ਓਦੋਂ ਹੋਇਆ ਹੈ ਜਦੋਂ ਤਾਲਿਬਾਨ ਤੇ ਅਮਰੀਕਾ ਵਿਚਾਲੇ ਅਫਗਾਨਿਸਤਾਨ ਸ਼ਾਂਤੀ ਬਹਾਲੀ ਲਈ ਗੱਲਬਾਤ ਜਾਰੀ ਹੈ। ਬੀਤੇ ਜੁਲਾਈ ਵਿੱਚ ਅਫਗਾਨਿਸਤਾਨ 'ਚ ਰਿਕਾਰਡ 1500 ਤੋਂ ਵੱਧ ਲੋਕ ਮਾਰੇ ਗਏ ਹਨ।

# ਹਾਂਗਕਾਂਗ ਦੇ ਪ੍ਰਦਰਸ਼ਨਕਾਰੀਆਂ ਨੂੰ ਗ਼ਲਤ ਸੰਦੇਸ਼ ਭੇਜਣਾ ਬੰਦ ਕਰੇ ਅਮਰੀਕਾ: ਚੀਨ

ਹਾਂਗਕਾਂਗ, 8 ਅਗਸਤ (ਪੋਸਟ ਬਿਊਰੋ)- ਚੀਨ ਸਰਕਾਰ ਦੇ ਵਿਰੁੱਧ ਹਾਂਗਕਾਂਗ ਵਿੱਚ ਹੁੰਦੇ ਪਰਦਰਸ਼ਨਾਂ ਦੇ ਮਾਮਲੇ ਵਿੱਚ ਅਮਰੀਕਾ ਦੇ ਦਖ਼ਲ ਉੱਤੇ ਚੀਨ ਨੇ ਨਾਰਾਜ਼ਗੀ ਪ੍ਰਗਟਾਈ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਹਾਂਗਕਾਂਗ ਦਫ਼ਤਰ ਨੇ ਵੀਰਵਾਰ ਨੂੰ ਅਮਰੀਕੀ ਅਧਿਕਾਰੀਆਂ ਨੂੰ ਕਿਹਾ ਕਿ



ਉਹ ਹਾਂਗਕਾਂਗ ਦੇ ਹਿੰਸਕ ਪ੍ਰਦਰਸ਼ਨਕਾਰੀਆਂ ਨੂੰ ਗ਼ਲਤ ਸੰਦੇਸ਼ ਦੇਣਾ ਬੰਦ ਕਰ ਦੇਣ। ਉਨ੍ਹਾਂ ਨੇ ਅਮਰੀਕਾ ਤੋਂ ਮੀਡੀਆ ਵਿੱਚ ਆਈਆਂ ਉਨ੍ਹਾਂ ਖ਼ਬਰਾਂ ਉੱਤੇ ਸਪਸ਼ਟੀਕਰਨ ਮੰਗਿਆ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਕਿ ਅਮਰੀਕੀ ਅਧਿਕਾਰੀ ਹਾਂਗਕਾਂਗ ਦੇ ਪ੍ਰਦਰਸ਼ਨਕਾਰੀਆਂ ਦੇ ਸੰਪਰਕ ਵਿੱਚ ਹਨ।

ਅਸਲ ਵਿੱਚ ਹਾਂਗਕਾਂਗ ਵਿੱਚ ਬਣ ਰਹੇ ਇੱਕ ਨਵੇਂ ਹਵਾਲਗੀ ਕਾਨੂੰਨ ਦੇ ਖ਼ਿਲਾਫ਼ ਪਿਛਲੀ ਜੂਨ ਤੋਂ ਪ੍ਰਦਰਸ਼ਨ ਹੋ ਰਹੇ ਹਨ। ਇਸ ਕਾਨੂੰਨ ਵਿੱਚ ਦੋਸ਼ੀਆਂ ਨੂੰ ਚੀਨ ਹਵਾਲੇ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਮੌਕੇ ਪ੍ਰਦਰਸ਼ਨ ਕਰ ਰਹੇ ਲੋਕਾਂ ਨੇ ਕਿਹਾ ਹੈ ਕਿ ਉਹ ਹਫ਼ਤੇ ਦੇ ਅਖ਼ੀਰ ਵਿੱਚ ਹਾਂਗਕਾਂਗ ਦੇ ਕਈ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ ਉੱਤੇ ਪ੍ਰਦਰਸ਼ਨ ਕਰਨਗੇ। ਹਾਂਗਕਾਂਗ ਪੁਲਿਸ ਨੇ ਸ਼ਾਂਤਮਈ ਪ੍ਰਦਰਸ਼ਨ ਦੀ ਅਪੀਲ ਕੀਤੀ ਹੈ। ਪੁਲਿਸ ਨੇ ਪਿਛਲੀ ਜੂਨ ਤੋਂ ਅੱਜ ਤਕ 600 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਲੋਕਾਂ ਵਿੱਚ 13 ਸਾਲ ਦਾ ਇਕ ਬੱਚਾ ਵੀ ਹੈ।

ਇਸ ਵਿੱਚ ਅਮਰੀਕਾ, ਬ੍ਰਿਟੇਨ ਅਤੇ ਯੂਰਪੀ ਯੂਨੀਅਨ (ਈ ਯੂ) ਦੇ ਦਖ਼ਲ ਪਿੱਛੋਂ ਚੀਨ ਪਿਛਲੇ ਮਹੀਨੇ ਵੀ ਭੜਕ ਗਿਆ ਸੀ। ਉਦੋਂ ਉਸ ਨੇ ਕਿਹਾ ਸੀ ਕਿ ਹਾਂਗਕਾਂਗ, ਚੀਨ ਦਾ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ਹੈ। ਇਹ ਪੂਰੀ ਤਰ੍ਹਾਂ ਅੰਦਰੂਨੀ ਕੇਸ ਹੈ ਤੇ ਅਸੀਂ ਇਨ੍ਹਾਂ ਦੇਸ਼ਾਂ ਦੇ ਦਖ਼ਲ ਦਾ ਵਿਰੋਧ ਕਰਦੇ ਹਾਂ। ਉਸ ਸਮੇਂ ਅਮਰੀਕਾ, ਬ੍ਰਿਟੇਨ ਤੇ ਈ ਯੂ ਨੇ ਕਿਹਾ ਸੀ ਕਿ ਹਾਂਗਕਾਂਗ ਦੇ ਲੋਕਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਦਾ ਅਧਿਕਾਰ ਚਾਹੀਦਾ ਹੈ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
- Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca
HiraRandhawa.com
Dhillonbhupendra@hotmail.com





For SUPER-VISA INSURANCE, TRAVEL INSURANCE RESP
Call: 416-319-0551

BEST TRUCK REPAIR & TIRE CENTRE
MICHELIN HANKOOK Continental ROADLUX BFGoodrich AEOLUS COMPASAL Chevron Delo
Special OIL CHANGE Rates
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum - On Special Sale! -Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055



# ਜੈਟ ਏਅਰਵੇਜ਼ ਨੂੰ ਟਿਕਟ ਕੈਂਸਲ ਕਰਨ ਉਤੇ ਤਿੰਨ ਲੱਖ ਅੱਠ ਹਜ਼ਾਰ ਚਾਲੀ ਰੁਪਏ ਜੁਰਮਾਨਾ

ਜਲੰਧਰ, 8 ਅਗਸਤ (ਪੋਸਟ ਬਿਊਰੋ)- ਤਿਰੂਵਨੰਤਪੁਰਮ ਤੋਂ ਨਾਗਪੁਰ ਦੀ ਏਅਰ ਟਿਕਟ ਕੈਂਸਲ ਹੋਣ ਨਾਲ ਖਪਤਕਾਰ ਨੂੰ ਹੋਈ ਪ੍ਰੇਸ਼ਾਨੀ ਦੇ ਮਾਮਲੇ ਨੂੰ ਖਪਤਕਾਰ ਅਦਾਲਤ ਨੇ ਗੰਭੀਰਤਾ ਨਾਲ ਲਿਆ ਗਿਆ ਅਤੇ ਇਸ ਬਾਰੇ ਜੈੱਟ ਏਅਰਵੇਜ਼ ਇੰਡੀਆ ਲਿਮਟਿਡ ਅਤੇ ਜੈੱਟ ਕੁਨੈਕਟ/ ਜੈੱਟ ਲਾਈਟ ਨੂੰ ਤਿੰਨ ਲੱਖ ਅੱਠ ਹਜ਼ਾਰ ਚਾਲੀ ਰੁਪਏ ਦਾ ਜੁਰਮਾਨਾ ਕਰ ਦਿੱਤਾ ਗਿਆ। ਜੈੱਟ ਏਅਰਵੇਜ਼ ਇੰਡੀਆ ਲਿਮਟਿਡ ਅਤੇ ਜੈੱਟ ਕੁਨੈਕਟ/ ਜੈਟ ਲਾਈਟ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਟਿਕਟ ਕੈਂਸਲ ਕਰਨ ਦੇ ਬਦਲੇ ਇੱਕ ਲੱਖ ਦੋ ਹਜ਼ਾਰ ਚਾਲੀ ਰੁਪਏ ਦਾ ਭੁਗਤਾਨ ਕਰਨ। ਇਹੀ ਨਹੀਂ ਹੋਟਲ ਵਿੱਚ ਠਹਿਰਨ ਅਤੇ ਖਾਣੇ ਆਦਿ ਦੇ ਖਰਚ



ਦੀ ਰਾਸ਼ੀ 21,000 ਰੁਪਏ, ਕਾਰੋਬਾਰੀ ਨੁਕਸਾਨ ਲਈ 30,000, ਮਾਨਸਿਕ ਪ੍ਰੇਸ਼ਾਨੀ ਦੇ ਬਦਲੇ ਇੱਕ ਲੱਖ 50 ਹਜ਼ਾਰ ਅਤੇ ਕੇਸ ਦਾ ਖਰਚ 5000 ਵੀ ਅਦਾ ਕਰਨ। ਇਸ ਤਰ੍ਹਾਂ ਕੁੱਲ ਤਿੰਨ ਲੱਖ ਅੱਠ ਹਜ਼ਾਰ ਚਾਲੀ ਰੁਪਏ ਦਾ ਭੁਗਤਾਨ ਦੋ ਮਹੀਨਿਆਂ ਵਿੱਚ ਅੱਠ ਫੀਸਦੀ ਸਾਲਾਨਾ ਵਿਆਜ ਦੀ ਦਰ ਨਾਲ ਕੀਤਾ ਜਾਵੇ।

ਕੰਜ਼ਿਊਮਰ ਫੋਰਮ ਦੇ ਚੇਅਰਮੈਨ ਕੇ ਕੇ ਤ੍ਰਿਪਾਠੀ ਅਤੇ ਮੈਂਬਰ ਅਰਚਨਾ ਸ਼ੁਕਲਾ ਦੀ ਬੈਂਚ ਨੂੰ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਪਚਪੇੜੀ ਜਬਲਪੁਰ ਦੇ ਐਡਵੋਕੇਟ ਪ੍ਰਕਾਸ਼ ਉਪਾਧਿਆਏ ਨੇ ਆਪਣੇ ਪਰਵਾਰ ਦੇ 16 ਮੈਂਬਰਾਂ ਲਈ 30 ਮਈ 2013 ਨੂੰ ਤਿਰੂਵਨੰਤਪਰਮ ਤੋਂ ਨਾਗਪੁਰ ਤੱਕ 'ਮੇਕ ਮਾਏ ਟਰਿੱਪ' ਦੇ ਰਾਹੀਂ ਜੈਟ ਏਅਰਵੇਜ਼ ਦੀ ਫਲਾਈਟ ਤੋਂ ਟਿਕਟ ਬੁੱਕ ਕਰਵਾਈ ਸੀ। ਕਿਰਾਏ ਦਾ ਭੁਗਤਾਨ ਕਰਨ ਪਿੱਛੋਂ ਉਨ੍ਹਾਂ ਦੇ ਪਰਵਾਰ ਦੇ ਨੌਂ ਮੈਂਬਰਾਂ ਦੀ ਟਿਕਟ ਕੈਂਸਲ ਕਰ ਦਿੱਤੀ ਗਈ। ਉਨ੍ਹਾਂ ਨੇ ਪਰਵਾਰ ਦੇ ਨੌਂ ਮੈਂਬਰਾਂ ਨੂੰ ਜੈਟ ਕੁਨੈਕਟ ਦੀ ਫਲਾਈਟ 'ਚ ਐਡਜਸਟ ਕਰਨ ਲਈ ਅਪੀਲ ਕੀਤੀ, ਪਰ ਕੰਪਨੀ ਨੇ ਉਨ੍ਹਾਂ ਦੀ ਅਪੀਲ ਅਣਸੁਣੀ ਕਰ ਦਿੱਤੀ। ਉਸ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਮਹਿੰਗੀ ਦਰ 'ਤੇ ਟਿਕਟ ਖਰੀਦ ਕੇ ਤਿਰੂਵਨੰਤਪੁਰਮ ਤੋਂ ਨਾਗਪੁਰ ਆਉਣਾ ਪਿਆ। ਖਪਤਕਾਰ ਨੇ ਪਰੇਸ਼ਾਨ ਹੋ ਕੇ ਖਪਤਕਾਰ ਫੋਰਮ ਦਾ ਦਰ ਖੜਕਾਇਆ ਤਾਂ ਅਦਾਲਤ ਨੇ ਏਅਰਲਾਈਨ ਨੂੰ ਇਸ ਦੇ ਬਦਲੇ ਮੋਟਾ ਜੁਰਮਾਨਾ ਲਾ ਦਿੱਤਾ ਹੈ।

# ਸਰਹਿੰਦ ਕੋਲੋਂ ਚਾਲੀ ਲੱਖ ਦੀ ਨਕਦੀ ਸਮੇਤ ਏ ਟੀ ਐੱਮ ਪੁੱਟ ਕੇ ਚੋਰ ਲੈ ਗਏ

ਫਤਿਹਗੜ੍ਹ ਸਾਹਿਬ, 8 ਅਗਸਤ (ਪੋਸਟ ਬਿਊਰੋ)- ਕੱਲ੍ਹ ਰਾਤ ਸਰਹਿੰਦ-ਪਟਿਆਲਾ ਰੋਡ ਦੇ ਪਿੰਡ ਰੁੜਕੀ ਵਿਖੇ ਸਟੇਟ ਬੈਂਕ ਆਫ ਇੰਡੀਆ (ਐੱਸ ਬੀ ਆਈ) ਦੀ ਬ੍ਰਾਂਚ ਦਾ ਏ ਟੀ ਐੱਮ ਤੋੜ ਕੇ ਚੋਰਾਂ ਨੇ ਲਗਭਗ ਚਾਲੀ ਲੱਖ ਰੁਪਏ ਨਕਦੀ ਸਮੇਤ ਪੁੱਟੀ ਤੇ ਲੈ ਕੇ ਫਰਾਰ ਹੋ ਗਏ। ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਐੱਸ ਬੀ ਆਈ ਨੇ ਇੱਕ ਨਿੱਜੀ ਕੰਪਨੀ ਨੂੰ ਏ ਟੀ ਐੱਮ ਵਿੱਚ ਨਕਦੀ ਪਾਉਣ ਦਾ ਠੇਕਾ ਦਿੱਤਾ ਹੋਇਆ ਹੈ। ਕੰਪਨੀ ਦੇ ਕੈਸ਼ ਅਫਸਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਏ ਟੀ ਐੱਮ ਵਿੱਚ ਬੀਤੀ ਦੋ ਅਗਸਤ ਨੂੰ ਤੀਹ ਲੱਖ ਰੁਪਏ, ਪੰਜ ਅਗਸਤ ਨੂੰ 15 ਲੱਖ ਰੁਪਏ ਅਤੇ ਛੇ ਅਗਸਤ ਨੂੰ 20 ਲੱਖ ਰੁਪਏ ਦੀ ਨਕਦੀ ਪਾਈ ਸੀ, ਜੋ ਕੁੱਲ ਰਕਮ 65 ਲੱਖ ਰੁਪਏ ਬਣਦੀ ਹੈ। ਕੱਲ੍ਹ ਰਾਤ ਸੀ ਸੀ ਟੀ ਵੀ ਕੈਮਰੇ ਅਨੁਸਾਰ ਲਗਭਗ ਢਾਈ ਵਜੇ ਚੋਰ ਏ ਟੀ ਐੱਮ ਤੋੜ ਕੇ ਲਗਭਗ ਚਾਲੀ ਲੱਖ ਰੁਪਏ ਕੱਢ ਕੇ ਲੈ ਗਏ। ਵਰਣਨ ਯੋਗ ਹੈ ਕਿ ਪਿਛਲੇ ਕੁਝ ਮਹੀਨੇ ਪਹਿਲਾਂ ਵੀ ਚੋਰਾਂ ਨੇ ਇਸ ਏ ਟੀ ਐੱਮ ਦੀ ਤੋੜ ਭੰਨ ਕੀਤੀ ਸੀ, ਪਰ ਕੋਈ ਪੈਸਾ ਚੋਰੀ ਨਹੀਂ ਹੋਇਆ ਸੀ। ਇਸ ਦੇ ਬਾਵਜੂਦ ਇਸ ਏ ਟੀ ਐੱਮ ਉੱਤੇ ਰਾਤ ਸਮੇਂ ਕੋਈ ਸਕਿਓਰਿਟੀ ਗਾਰਡ ਨਹੀਂ ਰੱਖਿਆ ਗਿਆ। ਘਟਨਾ ਦੀ ਸੂਚਨਾ ਮਿਲਦੇ ਸਾਰ ਡੀ ਐੱਸ ਪੀ ਜਾਂਚ ਜਸਵਿੰਦਰ ਸਿੰਘ ਟਿਵਾਣਾ, ਡੀ ਐੱਸ ਪੀ ਰਮਿੰਦਰ ਸਿੰਘ ਕਾਹਲੋਂ, ਥਾਣਾ ਮੂਲੇਪੁਰ ਦੇ ਐੱਸ ਐੱਚ ਓ ਮਨਪ੍ਰੀਤ ਸਿੰਘ ਦਿਓਲ ਪੁਲਸ ਪਾਰਟੀ ਸਮੇਤ ਪਹੁੰ-ਚੇ ਤੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪੁਲਸ ਵੱਖ-ਵੱਖ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ ਅਤੇ ਸੀ ਸੀ ਟੀ ਵੀ ਕੈਮਰਿਆਂ ਵਿੱਚੋਂ ਫੁਟੇਜ ਲੈ ਕੇ ਚੋਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧੀ ਐੱਸ ਐੱਸ ਪੀ ਦਾ ਕਹਿਣਾ ਹੈ ਕਿ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਚੋਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਜਰਮਨ ਭੇਜਣ ਦੇ ਪੈਸੇ ਲੈ ਕੇ ਕਿਤੇ ਹੋਰ ਘੁਮਾਉਂਦੇ ਰਹੇ

ਰਾਜਪੁਰਾ, 8 ਅਗਸਤ (ਪੋਸਟ ਬਿਊਰੋ)- ਥਾਣਾ ਸਦਰ ਦੀ ਪੁਲਸ ਨੇ ਇੱਕ ਵਿਅਕਤੀ ਨੂੰ ਜਰਮਨ ਭੇਜਣ ਦੇ ਨਾਂ ਉੱਤੇ ਸਾਢੇ ਅੱਠ ਲੱਖ ਰੁਪਏ ਲੈ ਕੇ ਮਾਸਕੋ (ਰੂਸ), ਸਾਈਪਰਸ ਅਤੇ ਆਸਟਰੀਆ ਤੋਂ ਡਿਪੋਰਟ ਕਰਨ ਦੇ ਮਾਮਲੇ ਵਿੱਚ ਠੱਗੀ ਕਰਨ ਵਾਲੇ ਤਿੰਨ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਸਦਰ ਪੁਲਸ ਨੂੰ ਗੁਰਕੀਰਤ ਸਿੰਘ ਪਿੰਡ ਦੇਵੀ ਨਗਰ ਨੇ ਦੱਸਿਆ ਕਿ 2015 ਵਿੱਚ ਲਖਵਿੰਦਰ ਸਿੰਘ ਵਾਸੀ ਗੁਲਾਬ ਨਗਰ, ਰਾਜਪੁਰਾ, ਜਿਸ ਦਾ ਪੁੱਤਰ ਅਮਰਿੰਦਰ ਸਿੰਘ ਅਤੇ ਰਿਸ਼ਤੇਦਾਰ ਮਲਕੀਤ ਸਿੰਘ ਮਾਸਕੋ ਵਿੱਚ ਰਹਿੰਦੇ ਹਨ, ਨੇ ਉਨ੍ਹਾਂ ਤੋਂ ਸਾਢੇ ਚਾਰ ਲੱਖ ਰੁਪਏ ਜਰਮਨ ਪਹੁੰਚਾਉਣ ਦੇ ਲਏ ਸਨ, ਪਰ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਮਾਸਕੋ ਲਿਆਂਦਾ ਗਿਆ ਤੇ ਉਥੇ ਲਾਗੇ ਪੈਂਦੇ ਪਿੰਡ ਪਿਸ਼ਕੀਨੋ ਦੇ ਇਕ ਫਲੈਟ ਵਿੱਚ ਨਾਜਾਇਜ਼ ਤੌਰ 'ਤੇ 9 ਮਹੀਨੇ ਤੱਕ ਰੱਖਿਆ ਗਿਆ। ਉਨ੍ਹਾਂ ਨੂੰ ਸਿਰਫ ਛੋਲਿਆਂ ਦੀ ਦਾਲ ਅਤੇ ਆਟਾ ਲੂਣ ਦਿੱਤਾ ਜਾਂਦਾ ਸੀ। ਉਥੋਂ ਉਨ੍ਹਾਂ ਨੇ ਪੀੜਤ ਦੇ ਘਰ ਫੋਨ ਕਰਵ-ਾਇਆ ਕਿ ਚਾਰ ਲੱਖ ਰੁਪਏ ਹੋਰ ਭੇਜੋ। ਪੀੜਤ ਨੇ ਪਿਤਾ ਬਲਵਿੰਦਰ ਸਿੰਘ ਨੂੰ ਫੋਨ ਕਰਕੇ ਇਨ੍ਹਾਂ ਨੂੰ ਚਾਰ ਲੱਖ ਰੁਪਏ ਹੋਰ ਦਿਵਾ ਦਿੱਤੇ। ਇਸ ਮਗਰੋਂ ਏਜੰਟ ਨੌਜਵਾਨ ਨੂੰ ਸਾਈਪਰਸ ਲੈ ਗਏ ਅਤੇ ਉਥੇ ਕੁਝ ਦੇਰ ਰਹਿਣ ਮਗਰੋਂ ਆਸਟਰੀਆ ਲੈ ਗਏ ਤੇ ਉਨ੍ਹਾਂ ਦਾ ਬੰਦਾ ਉਸ ਦਾ ਪਾਸਪੋਰਟ ਤੇ ਹੋਰ ਸਾਮਾਨ ਲੈ ਕੇ ਫਰਾਰ ਹੋ ਗਿਆ। ਇਕ ਦਿਨ ਆਸਟਰੀਆ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਤੇ ਜੇਲ੍ਹ ਕੱਟਣ ਪਿੱਛੋਂ ਉਥੋਂ ਦੇ ਅਫਸਰਾਂ ਨੇ ਉਸ ਨੂੰ ਡਿਪੋਰਟ ਕਰਕੇ ਭਾਰਤ ਭੇਜ ਦਿੱਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੇ ਉਸ ਨਾਲ ਸਾਢੇ ਅੱਠ ਲੱਖ ਦੀ ਠੱਗੀ ਮਾਰੀ ਹੈ। ਇਸ ਉੱਤੇ ਥਾਣਾ ਸਦਰ ਪੁਲਸ ਨੇ ਲਖਵਿੰਦਰ ਸਿੰਘ, ਅਮਰਿੰਦਰ ਸਿੰਘ ਅਤੇ ਮਲਕੀਤ ਸਿੰਘ ਖਿਲਾਫ ਧੋਖਾਦੇਹੀ ਸਣੇ ਹੋਰਨਾਂ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਹੈ।

# ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਸ੍ਰੀਨਗਰ ਏਅਰਪੋਰਟ ਤੋਂ ਹੀ ਦਿੱਲੀ ਮੋੜ ਦਿੱਤੇ ਗਏ

ਸ੍ਰੀਨਗਰ, 8 ਅਗਸਤ (ਪੋਸਟ ਬਿਊਰੋ)- ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਗੁਲਾਮ ਨਬੀ ਆਜ਼ਾਦ, ਜਿਹੜੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਵੀ ਹਨ ਅਤੇ ਜੰਮੂ-ਕਸ਼ਮੀਰ ਦੇ ਕਾਂਗਰਸ ਆਗੂ ਗੁਲਾਮ ਅਹਿਮਦ ਮੀਰ ਨੂੰ ਸ੍ਰੀਨਗਰ ਹਵਾਈ ਅੱਡੇ ਉੱਤੇ ਰੋਕ ਲਿਆ ਗਿਆ। ਉਹ ਜੰਮੂ ਕਸ਼ਮੀਰ ਵਿੱਚ ਧਾਰਾ 370 ਹਟਣ ਪਿੱਛੋਂ ਪਹਿਲੀ ਵਾਰ ਏਥੇ ਪਹੁੰਚੇ ਸਨ। ਉਨ੍ਹਾਂ ਨੂੰ ਸ੍ਰੀਨਗਰ ਏਅਰਪੋਰਟ ਤੋਂ ਦਿੱਲੀ ਮੋੜ ਦਿੱਤਾ ਗਿਆ ਹੈ। ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਪਿੱਛੋਂ ਏਥੇ ਸਿਆਸਤ ਲਗਾਤਾਰ ਗਰਮਾਈ ਹੋਈ ਹੈ ਅਤੇ ਕਸ਼ਮੀਰ ਦੇ ਹਾਲਾਤ ਉੱਤੇ ਨਜ਼ਰ ਰੱਖਣ ਲਈ ਦੇਸ਼ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵੀ ਕਸ਼ਮੀਰ ਵਿੱਚ ਹਨ। ਵਰਣਨ ਯੋਗ ਹੈ ਕਿ ਸ੍ਰੀਨਗਰ ਆਉਣ ਤੋਂ ਪਹਿਲਾਂ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਨੇ ਕੇਂਦਰ ਦੀ ਸਰਕਾਰ ਉੱਤੇ ਰਾਜਸੀ ਹਮਲਾ ਕੀਤਾ ਤੇ ਸ਼ੋਪੀਆਂ ਵਿੱਚ ਸਥਾਨਕ ਲੋਕਾਂ ਵਿਚਾਲੇ ਡੋਭਾਲ ਦੀ ਮੌਜੂਦਗੀ ਦਾ ਵੀਡੀਓ ਵਾਇਰਲ ਹੋਣ ਬਾਰੇ ਕਿਹਾ ਸੀ ਕਿ 'ਪੈਸੇ ਦੇ ਕੇ ਤੁਸੀਂ ਕਿਸੇ ਨੂੰ ਵੀ ਨਾਲ ਲਿਆ ਸਕਦੇ ਹੋ।' ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਦਿੱਤੇ ਜਾਣ ਵਾਲਾ ਵਿਸ਼ੇਸ਼ ਸੂਬੇ ਦਾ ਦਰਜਾ ਖ਼ਤਮ ਕੀਤਾ ਅਤੇ ਸੂਬਾ ਪੁਨਰਗਠਨ ਬਿੱਲ ਪਾਸ ਕਰਾਇਆ ਤਾਂ ਇਸ ਦਾ ਕਾਂਗਰਸ ਨੇ ਸਖਤ ਵਿਰੋਧ ਕੀਤਾ ਸੀ। ਇਹ ਬਿੱਲ ਪਾਸ ਹੋਣ ਪਿੱਛੋਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਬੁੱਧਵਾਰ ਨੂੰ ਕਸ਼ਮੀਰ ਵਿੱਚ ਸ਼ੋਪੀਆਂ ਪਹੁੰਚੇ ਸਨ। ਵਾਇਰਲ ਵੀਡੀਓ ਵਿੱਚ ਡੋਭਾਲ ਆਮ ਲੋਕਾਂ ਨੂੰ ਮਿਲਦੇ ਦੇਖਿਆ ਗਿਆ ਸੀ। ਇਹੀ ਨਹੀਂ, ਉਨ੍ਹਾਂ ਨੇ ਆਮ ਲੋਕਾਂ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨਾਲ ਖਾਣਾ ਵੀ ਖਾਧਾ ਸੀ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
